ਮਾਸਕ ੧ੳ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗਿ ਚਾਨਣੁ ਹੋਆ ॥

ਨਵੰਬਰ ੧੯੮੭

NOV 1987

## ਸਿਧ ਬੋਲਨਿ ਸੁਭ ਬਚਨ
## ਧੰਨੁ ਨਾਨਕ
## ਤੇਰੀ ਵਡੀ ਕਮਾਈ

ਅਖੰਡ ਕੀਰਤਨੀ ਜਥਿਆਂ ਵਲੋਂ ਨਿਰੰਕਾਰੀ ਬਾਬੇ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ

ਜਲੰਧਰ ਵਿਚ ੩ ਤੋਂ ੬ ਨਵੰਬਰ ਤਕ ਮਨਾਇਆ ਜਾ ਰਿਹਾ ਹੈ

www.AKJ.Org

# ਤ ਤ ਕ ਰ ਾ


| | | |
|---|---|---|
| ਚੜ੍ਹਿਆ ਸੋਧਣਿ ਧਰਤਿ ਲੁਕਾਈ | ੩ | ਭਾ: ਸਾ: ਭਾਈ ਗੁਰਦਾਸ ਜੀ |
| ਨਿਰੰਕਾਰੀ ਆਗਮਨ ਤੇ ਗੁਰੂ ਅਵਤਾਰਾਂ ਦਾ ਭੇਦ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਚੜ੍ਹਿਆ ਸ਼ੋਧਣਿ ਧਰਤਿ ਲੁਕਾਈ | ੯ | ਸ: ਸਰੂਪ ਸਿੰਘ ਜੀ ਅਲਗ |
| ਨਾ ਕੋਈ ਹਿੰਦੂ ਨ ਮੁਸਲਮਾਨ | ੧੨ | ਸ: ਨਰੈਣ ਸਿੰਘ ਜੀ ਐਮ. ਏ. |
| ਭੂੰਚਲ——ਥੰਮੈ ਕੋਇ ਨ ਸਾਧ ਬਿਨੁ | ੧੮ | ਭਾਈ ਮੋਹਨ ਸਿੰਘ ਜੀ ਵੈਦ |
| ਮਤੁ ਦੇਖਿ ਭੂਲਾ ਵੀਸਰੈ | ੨੧ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸੀਤਲ ਚੰਦ ਤਲਵੰਡੀਓਂ ਆਣ ਚੜ੍ਹਿਆ (ਕਵਿਤਾ) | ੨੩ | ਸ: ਅਤਰ ਸਿੰਘ ਜੀ ਨੀਰ |
| ਮੱਝੀਆਂ ਦਾ ਛੇੜੂ, ਗੁਰੂ ਨਾਨਕ ਆਗਮਨ (ਕਵਿਤਾਵਾਂ) | ੨੪ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਕੀ ਹੋਵੇਗਾ ? ਹਰ ਪਾਸੇ ਹੈ ਮਚੀ ਦੁਹਾਈ (ਕਵਿਤਾ) | ੨੬ | ,, ,, |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਭਾਵ | ੨੭ | ਡਾਕਟਰ ਤਾਰਨ ਸਿੰਘ ਜੀ |
| ਗੁਰੂ ਤੇਗ ਬਹਾਦਰ ਜੀ—ਸ਼ਹੀਦੀ ਸ਼ਾਕਾ | ੨੮ | ਡਾਕਟਰ ਜੀ. ਐਸ. ਅਨੰਦ |
| ਅਗੋਂ ਦੇ ਜੇ ਚੇਤੀਐ | ੩੦ | ਸ: ਬਲਕਾਰ ਸਿੰਘ ਜੀ |
| ਹਿੰਦ ਧਰਮ ਦੀ ਚਾਦਰ (ਕਵਿਤਾ) | ੩੧ | ਸ: ਅਤਰ ਸਿੰਘ ਜੀ ਨੀਰ |
| ਪਾਕਿਸਤਾਨ ਵਿਚ ਇਤਿਹਾਸਕ ਗੁਰਦੁਆਰੇ | ੩੨ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਮੇਰੇ ਸਤਿਗੁਰੂ ਜੀ ! | ੩੩ | ਦੁਖੀ ਹਿਰਦੇ ਦੀ ਪੁਕਾਰ |
| "ਸਬਦੁ ਵਸੈ 'ਬਿਖੁ' ਜਾਇ" | ੩੪ | ਭਾਈ ਪਰਵਿੰਦਰ ਸਿੰਘ ਜੀ |
| ਕੇਸ ਗੁਰੂ ਕੀ ਮੁਹਰ ਹਨ | ੩੬ | 'ਸੂਰਾ' ਪਰਵਾਰ |
| ਸਗੁਰੇ ਹੋਣ ਦੀ ਜੁਗਤੀ | ੩੮ | ਭਾ: ਸਾ: ਭਾਈ ਰਣਧੀਰ ਸਿੰਘ ਜੀ |


ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਦਿਵਸ ੫ ਨਵੰਬਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ੨੩ ਨਵੰਬਰ ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ ੨੫ ਨਵੰਬਰ

## 'ਸੂਰਾ' ਮਾਸਕ ਪੱਤਰ ਨੂੰ ਪੂਜੀ ਸਹਾਇਤਾ

| | | |
|---|---|---|
| ਸ: ਜਸਬੀਰ ਸਿੰਘ ਨਵੀਂ ਦਿੱਲੀ | ਗਿਆਨੀ ਈਸ਼ਰ ਸਿੰਘ ਜੀ ਦੀ ਯਾਦ ਵਿਚ | ੧੦੧-੦੦ |
| ਮਾਤਾ ਹਰਨਾਮ ਕੌਰ ਨਵੀਂ ਦਿੱਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੧੫੧-੦੦ |
| ਸ: ਜਗਦੀਸ਼ ਸਿੰਘ ਭੈਰੋਂ ਮਾਜਰਾ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | ੨੧-੦੦ |
| ਬੀਬੀ ਕੁਲਦੀਪ ਕੌਰ ਦਿੱਲੀ | ਸਰਦਾਰ ਜੀ ਦੀ ਸਾਲਾਨਾ ਯਾਦ ਵਿਚ | ੫੧-੦੦ |
| ਭਾ: ਅੰਮ੍ਰਿਤਪਾਲ ਸਿੰਘ ਦਿੱਲੀ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੫੧-੦੦ |
| ਬੀਬੀ ਉਪਕਾਰ ਕੌਰ ਦਿੱਲੀ | ਕਾਕਾ ਰਵਿੰਦ ਮੋਹਨ ਸਿੰਘ ਦੀ ਯਾਦ ਵਿਚ | ੨੫੦-੦੦ |

| | | | |
|---|---|---|---|
| ਸ: ਕਰਤਾਰ ਸਿੰਘ ਨਵੀਂ ਦਿੱਲੀ | ੨੦-੦੦ | ਬੀਬੀ ਦਯਾ ਕੌਰ ਨਵੀਂ ਦਿੱਲੀ | ੫੦-੦੦ |
| ਸ: ਸਵਰਨ ਸਿੰਘ ਬੜੌਦਾ | ੧੦-੦੦ | ਸ. ਹਰਦਿੱਤ ਸਿੰਘ ਨਵੀਂ ਦਿੱਲੀ | ੧੦੦-੦੦ |
| ਸ: ਹਰਜੀਤ ਸਿੰਘ ਦਿੱਲੀ | ੧੦੦-੦੦ | ਸ: ਗੁਰਲੋਚਨ ਸਿੰਘ ਬੜੌਦਾ | ੨੩੧-੦੦ |
| ਸ: ਆਗਿਆ ਸਿੰਘ ਕਾਨਪੁਰ | ੧੫੧-੦੦ | ਬੀਬੀ ਕੁਲਵੰਤ ਕੌਰ 56 A.P.O | ੧੦੦-੦੦ |
| ਸ: ਜਸਵੰਤ ਸਿੰਘ ਬਸੰਤੀ ਦੋਹਾ (ਕਤਰ) | ੫੧-੦੦ | ਸ: ਮਨਜੀਤ ਸਿੰਘ ਖਾਲਸਾ ਬੰਬਈ | ੫੧-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩-੧੧-੮੭ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

ਦੇਸ ੧੫-੦੦
ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ਼)
ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੧ ਨਵੰਬਰ ੧੯੮੭ ਅੰਕ ੧੧


## ਚੜਿਆ ਸੋਧਣਿ ਧਰਤਿ ਲੁਕਾਈ

ਪਹਿਲਾਂ ਬਾਬੇ ਪਾਯਾ ਬਖਸ ਦਰਿ ਪਿਛੋਂ ਦੇ ਫਿਰਿ ਘਾਲ ਕਮਾਈ ॥
ਰੇਤੁ ਅਕੁ ਆਹਾਰੁ ਕਰਿ ਰੋੜਾਂ ਦੀ ਗੁਰਿ ਕਰੀ ਵਿਛਾਈ ॥
ਭਾਰੀ ਕਰੀ ਤਪੱਸਿਆ ਵਡੇ ਭਾਗ ਹਰਿ ਸਿਉ ਬਨਿ ਆਈ ॥
ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥
ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਮੀ ਦਿਸਿ ਆਈ ॥
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥
ਚੜਿਆ ਸੋਧਣਿ ਧਰਤਿ ਲੁਕਾਈ ॥ ੨੪ ॥

[ਭਾਈ ਗੁਰਦਾਸ ਜੀ, ਵਾਰ ੧




www.AKJ.Org

# ਗੁਰੂ ਨਾਨਕ ਨਿਰੰਕਾਰੀ ਦਾ ਆਗਮਨ ਅਤੇ
# ਗੁਰੂ ਤੇ ਅਵਤਾਰਾਂ ਦਾ ਭੇਦ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਦੇਵਾਧਿ ਦੇਵ, ਗੁਰਾਂ ਗੁਰ, ਪਰਮ ਗੁਰੂ ਗੁਰ ਨਾਨਕ, ਸਭ ਤੋਂ ਵਡੇ ਸਤਿਗੁਰੂ, ਸੁਖ ਸਾਗਰ ਗੁਰੂ ਨਾਨਕ ਦੇ ਦੁਰਤ ਨਿਵਾਰਣ ਗੁਣ ਗਾਉਣਹਾਰ ਸਭ ਦੇਵਤੇ ਗਣ ਗੰਧਰਬ, ਮੁਨਿ ਜਨ, ਰਿਖੀਸ਼ਰ, ਭਗਤ ਜਨ ਜੋ ਹੋਏ, ਪਰਮ ਗੁਰੂ ਸਤਿਗੁਰੂ ਨਾਨਕ ਤਿਨ੍ਹਾਂ ਸਭਨਾਂ ਦਾ ਪੂਜਯ (ਪੂਜਣ ਜੋਗ) ਗੁਰੂ ਹੋਇਆ ਹੈ ।

ਕਲਿਜੁਗ ਵਿਚ ਸ੍ਰੀ ਸਤਿਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਤੋਂ ਪਹਿਲਾਂ ਹੀ ਪਿਛਲੇ ਜੁਗਾਂ ਦੇ ਰਿਖੀ ਮੁਨੀ, ਤਪੀਸ਼ਰ ਜੋਗੀਸ਼ਰ, ਆਪਣੀ ਕਲਿਆਣ ਨਮਿੱਤ ਗੁਰੂ ਨਾਨਕ ਨਿਰੰਕਾਰੀ ਦੇ ਆਗਮਨ ਨੂੰ ਲਿਵ-ਉਡੀਣੀ-ਧਿਆਨ-ਧਾਰਨਾ ਸਹਿਤ ਅਰਾਧ ਰਹੇ ਸਨ । ਅਤੇ ਸਤਿਗੁਰੂ ਨਾਨਕ ਦੀ ਕਿਰਪਾ-ਕਟਾਕਸ਼ ਦੁਆਰਾ ਕ੍ਰਿਤਾਰਥ ਹੋ ਕੇ ਤੇ ਕਲਿਆਣ ਮਾਰਗ ਦੀ ਮੰਜ਼ਲ ਨੂੰ ਪੁੱਜ ਕੇ ਭੀ ਹੁਣ ਤੀਕ ਸਤਿਗੁਰੂ ਨਾਨਕ ਦੇਵ ਜੀ ਦਾ ਜਸ ਗੁਣਾਨਵਾਦ ਗਾ ਰਹੇ ਹਨ । ਕੀ ਗੰਭੀਰ ਧੀਰ-ਮਤ-ਸਾਗਰੀ ਜੋਗੀ ਜੰਗਮ; ਕੀ ਆਤਮ ਰਸ ਦੇ ਖੋਜੀ, ਜਾਣੂ ਪਛਾਣੂ, ਇੰਦ੍ਰਾਦਿਕ ਭਗਤ ਪ੍ਰਹਿਲਾਦ; ਕੀ ਹਰਿ-ਰਸ ਪੂਰਨ ਸਰਬ ਕਲਾ ਦੇ-ਸਹਿਚਾਰੀ ਖੇਡਾਰੀ ਜਨਕਾਦਿਕ ਜੁਗਤ ਜੋਗੀਸ਼ਰ ਜਨਕਾਦਿਕ ਜੁਗਤ ਜੋਗੀਸ਼ਰ ਜਨ; ਕੀ ਸਨਕਾਦਿਕ ਸਿਧ ਸਿਧਾਦਿਕ ਮੁਨੀਸ਼ਰ ਜਨ; ਕੀ ਭਗਤ ਭਾਇ ਰਸ ਜਾਨਣਹਾਰੇ ਅਟੱਲ ਮੰਡਲੀ ਧ੍ਰੂ ਭਗਤ; ਕੀ ਕਪਲਾਦਿ ਆਦਿ ਜੋਗੇਸ਼ਰ; ਕੀ "ਕਰ ਕੁਠਾਰ ਰਘੁ ਤੇਜ ਹਰਿਓ" ਵਾਲੇ ਪਰਸ ਰਾਮੇਸ਼ਰ; ਕੀ ਜਮਦਗਣ ਬ੍ਰਹਮੇਸ਼ਰ; ਕੀ ਸਰਬਾਤਮੀ ਬੋਧੀਸ਼ਰ; ਕੀ ਉਧੋ ਅਕਰੂਰ ਬਿਦਰ ਸੁਦਾਮਾ ਆਦਿ ਦੁਆਪਰੀ ਜੁਗ ਭਗਤੀਸ਼ਰ; ਕੀ ਘਟ ਦਰਸ਼ਨੀ ਬਰਨ ਆਸ਼ਰਮੀ ਰਿਖੀਸ਼ਰ; ਕੀ ਸ਼ੇਸ਼ ਮਹੇਸ਼ ਗਣੇਸ਼ ਆਦਿ ਦੇਵੀਸ਼ਰ; ਸਭ ਹੀ ਕਈ ਜੁਗਾਂ ਤੋਂ ਇਸ 'ਅਪਰੰਪਰ ਅਵਤਾਰ ਵਰੋ' ਸ੍ਰੇਸ਼ਟ ਗੁਰੂ ਅਵਤਾਰ ਪਰਮ ਸਤਿਗੁਰੂ ਨਾਨਕ ਸਾਹਿਬ ਦਾ ਜਸ ਗੁਣਾਨਵਾਦ ਹੀ ਗਾ ਰਹੇ ਹਨ ਅਤੇ ਜੁਗਾਂ ਪ੍ਰਯੰਤ ਗਾਉਂਦੇ ਰਹਿਣਗੇ ।

ਪ੍ਰਿਥਮ ਜੁਗਾਂਤਰ ਜਨਮੇ ਜੋਗੇਸ਼ਰ, ਮੁਨੇਸ਼ਰ, ਰਿਖੇਸ਼ਰ, ਤਪੇਸ਼ਰ ਆਪਣੀ ਜਪ-ਤਪ-ਜੋਗ-ਕਲਾ ਦੁਆਰਾ ਗੁਰੂ ਅਵਤਾਰ ਗੁਰੂ ਨਾਨਕ ਸਾਹਿਬ ਦੀ ਦੀਖਿਆ ਅਕਾਂਖਤਾ ਦੇ ਆਸ-ਉਡੀਣੇ ਹੋ ਕੇ ਗੁਣ ਗਾਉਂਦੇ ਰਹੇ ਅਤੇ ਫੇਰ ਕਲਿਜੁਗ ਵਿਖੇ ਅਰੂਪ ਰੂਪੀ ਜਨਮ ਧਾਰ ਕੇ, ਅਰਥਾਤ ਗੁਰੂ ਗ੍ਰਹਿ ਵਿਖੇ ਜਨਮ ਲੈ ਕੇ ਪੂਰਨ ਕਲਿਆਣ ਪਦ ਨੂੰ ਪ੍ਰਾਪਤ ਹੋ ਕੇ ਭੀ ਹੁਣ ਤਾਈਂ ਸਤਿਗੁਰ ਨਾਨਕ ਦੇਵ ਜੀ ਮਹਾਰਾਜ ਦਾ ਗੁਣ-ਜਸ ਗਾਇਨ ਕਰ ਰਹੇ ਹਨ ਤੇ ਜੁਗਾਂ ਪ੍ਰਯੰਤ ਕਰਨਗੇ ਤੇ ਕਰਦੇ ਰਹਿਣਗੇ ।

ਕਲਿਜੁਗ ਵਿਚ ਪ੍ਰਮਾਣ ਹੋਏ ਰਵਿਦਾਸ, ਕਬੀਰ ਆਦਿਕ ਭਗਤ ਜਨ ਭੀ, ਜੋ ਗੁਰੂ ਨਾਨਕ ਦਾ ਜਸ ਗਾ ਰਹੇ ਹਨ, ਉਹ ਭੀ ਤਦੇ ਜਸ ਗਾ ਰਹੇ ਹਨ ਜੇ ਗੁਰੂ ਨਾਨਕ ਦੇਵ ਦੁਆਰਾ ਪਰਮ ਦੀਖਸ਼ਤਾ ਨੂੰ ਪ੍ਰਾਪਤ ਹੋਏ ।

ਗੱਲ ਕੀ, ਜੁਗ-ਜੁਗਾਂਤਰੀ ਜਿਤਨੇ ਭੀ ਭਗਤ ਜਨ ਹੋਏ ਹਨ, ਸਭੇ ਗੁਰੂ ਨਾਨਕ ਦਾ ਜਸ ਗਾ ਰਹੇ ਹਨ, ਸਤਿਗੁਰੂ ਨਾਨਕ ਦੇਵ ਜੀ ਦੀ ਦਰਸ-ਦੀਖਿਆ-ਪਾਰਸੀ-ਕਲਾ ਨਾਲ ਪਰਸ ਕੇ ਹੀ ਉਹ ਕਲਿਆਣ-ਸੀਮਾ ਨੂੰ ਜਾ ਪ੍ਰਾਪਤ ਹੋਏ । ਯਥਾ ਗੁਰਵਾਕ :—

ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥
ਹਰਿ ਗੁਰੁ ਨਾਨਕੁ ਜਿਨ ਪਰਸਿਉ ਸਿ ਜਨਮ ਮਰਣ ਦੁਹ ਥੇ ਰਹਿਓ ॥੫॥
ਜਿਹ ਕ੍ਰਿਪਾਲੁ ਹੋਯਉ ਗੋਬਿੰਦੁ ਸਰਬ ਸੁਖ ਤਿਨਹੂ ਪਾਏ ॥
ਹਰਿ ਗੁਰੁ ਨਾਨਕ ਜਿਨ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥

ਸਵਯੇ ਸ੍ਰੀ ਮੁਖ ਬਾਕ੍ਯ ਮ: ੫, ਪੰਨਾ ੧੩੯੬

ਕਲਿ ਕਾਲਖ ਘੋਰ ਅੰਧਿਆਰ ਵਿਚ ਸਤਿਗੁਰ-ਗਿਆਨ ਰੂਪੀ ਗੁਰਮਤਿ ਨਾਮ ਦਾ ਸੱਚਾ ਚਰਾਗ਼ ਪਰਜੁਅਲਤ



www.AKJ.Org

ਹੋਇਆ ਤਾਂ ਸਭਸ ਦਾ ਉਧਾਰ ਹੋਇਆ। ਜਿਹਾ ਕਿ :—

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥੯॥

ਸਵਯੇ ਸ੍ਰੀ ਮੁਖਬਾਕੁ ਮ: ੫, ਪੰਨਾ ੧੩੮੭

ਪਿਛਲੀ ਤੁਕ ਇਕ ਹੋਰ ਸੱਚਾਈ ਪ੍ਰਗਟ ਕਰਦੀ ਹੈ, ਉਹ ਇਹ ਕਿ ਸਤਿਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਸਾਰਿਆਂ ਹੀ ਭਵਨਾਂ, ਖੰਡਾਂ ਬ੍ਰਹਮੰਡਾਂ ਵਿਖੇ ਹੋਇਆ ਤੇ ਗੁਰੂ ਨਾਨਕ ਸਾਹਿਬ ਪਾਰਬ੍ਰਹਮ ਰੂਪ ਹੀ ਹਨ। ਸਤਿਗੁਰੂ ਨਾਨਕ ਪ੍ਰਥਾਇ ਇਸ ਭਾਵ ਦੇ ਗੁਰਵਾਕ ਆਉਂਦੇ ਹਨ :—

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥੨॥੧੯॥ ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫
ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥੨॥੬੦॥ ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੬

ਸਤਿਗੁਰੂ ਨਾਨਕ ਦਾ ਮਰਤਬਾ ਵਡੀ ਹੂੰ ਵਡਾ ਅਪਾਰ ਹੈ। ਸੱਚਾ ਰਾਜ ਜੋਗ ਮਾਣਿਆ ਹੈ ਤਾਂ ਸਤਿਗੁਰ ਜੀ ਨੇ ਮਾਣਿਆ ਹੈ, ਅਤੇ ਲਗਾਤਾਰ ਆਪਣੇ ਦਸੇ ਗੁਰੂ ਜਾਮਿਆਂ ਵਿਖੇ ਹੀ ਮਾਣਿਆ ਹੈ ਅਤੇ ਜੁਗੋ ਜੁਗ ਮਾਣਿਆ ਹੈ। ਸਚ ਮੁਚ "ਤੂ ਸਤਿਗੁਰੁ ਚਹੁ ਜੁਗੀ" ਹੈਂ। ਤੇ ਹੇ ਗੁਰੂ ਨਾਨਕ ! ਤੂੰ 'ਆਪਿ ਆਪੇ ਪਰਮੇਸਰੁ" ਹੈਂ। ਹੇ ਸਤਿਗੁਰੂ ਨਾਨਕ ! ਹਰ ਜੁਗ ਵਿਚ ਤੈਂ ਹੀ ਗੁਰੂ ਰੂਪ ਹੋ ਕੇ ਸੱਚਾ ਰਾਜ-ਜੋਗ ਪਦੁ ਮਾਣਿਆ ਹੈ। ਚੌਹਾਂ ਜੁਗਾਂ ਅੰਦਰ ਹੀ ਰਾਜ-ਜੋਗ ਗੁਰੂ ਪਦ ਮਾਨਣ-ਹਾਰਾ ਤੂੰ ਹੀ ਹੈਂ ਗੁਰੂ ਨਾਨਕ ਦੇਵ ! ਪਹਿਲਿਆਂ ਤਿਹਾਂ ਜੁਗਾਂ ਅੰਦਰ ਤੈਂ ਪਾਰਬ੍ਰਹਮ ਦੇ ਜੋਤਿ ਸਰੂਪ ਅਰੂਪ ਰੂਪ ਵਿਖੇ ਲੀਣ ਹੁੰਦੇ ਹੋਏ ਅਤੇ ਬਿਨਾਂ ਪ੍ਰਗਟ ਹੋਇਆ ਹੀ ਗੁਰ-ਰਾਜ-ਜੋਗ ਪਦੁ ਮਾਣਿਆ। ਕਲਿਜੁਗ ਵਿਖੇ ਪ੍ਰਗਟ ਗੁਰੂ ਜਾਮਾ ਧਾਰ ਕੇ ਗੁਰੂ-ਰਾਜ-ਜੋਗੀ-ਪਦ ਮਾਨਣ ਦਾ ਪਰਤੱਖ ਚੋਜ-ਚਮਤਕਾਰ ਆਸ਼ਕਾਰ (ਪਰਗਟ) ਕੀਤਾ। ਪਹਿਲੇ ਜੁਗਾਂ ਵਿਚ ਗੁਰੂ ਜਾਮਾ ਧਾਰਨ ਕੀਤੇ ਬਿਹੂਣ ਹੀ, ਤੇ ਪਾਰਬ੍ਰਹਮ ਪਰਮੇਸ਼ਰ ਵਿਖੇ ਇਕ-ਮਿਕ ਹੁੰਦਿਆਂ ਹੋਇਆਂ ਹੀ ਕਿੰਚਤ ਕਟਾਕਸ਼ੀ ਚੁੰਭਕ ਕਲਾ ਗੁਰੱਤਤਾ ਦੀ ਦਰਸਾਈ ਗਈ। ਇਸੇ ਗੁਰ-ਪਾਰਬ੍ਰਹਮੀ-ਅਭੇਦਤਾ ਵਾਲੀ ਕਿੰਚਤ ਕਲਾ ਕਟਾਕਸ਼ੀ ਗੁਰੱਤਤਾ ਤਿਹਾਂ ਜੁਗਾਂ ਵਿਚ ਦਰਸਾਉਂਦੇ ਹੋਏ ਕਲਿਜੁਗ ਅੰਦਰ ਪ੍ਰਗਟ ਪ੍ਰਮਾਣ ਗੁਰੂ ਜਾਮਿਆਂ ਵਾਲੀ ਰਾਜ-ਜੋਗ-ਮਾਨਣੀ-ਗੁਰੱਤਤਾ ਨਿਰੂਪਣ ਕਰਾਉਣ ਪ੍ਰਥਾਇ ਹੀ ਇਹ ਅਗਲੇਰਾ ਗੁਰਵਾਕ ਉਚ ਰਨ ਹੋਇਆ ਹੈ :—

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥ ਸਵਈਏ ਮਹਲੇ ਪਹਿਲੇ ਕੇ, ਪੰਨਾ ੧੩੯੦

ਜੋਤਿ ਸਰੂਪ ਗੁਰੂ ਅਕਾਲ ਪੁਰਖ ਦਾ ਸ੍ਰੀ ਗੁਰੂ ਜੋਤਿ ਕਲਾ ਕ੍ਰਿਸ਼ਮੀ ਅਮਰ (ਹੁਕਮ) ਚੌਹਾਂ ਜੁਗਾਂ ਵਿਖੇ ਹੀ ਅਮਰ, ਅਟੱਲ ਤੇ ਅਬਿਚਲ ਹੈ। ਪਹਿਲਾਂ ਤਿਹਾਂ ਜੁਗਾਂ ਅੰਦਰ ਇਹ ਜੋਤਿ-ਕਲਾ-ਕ੍ਰਿਸ਼ਮੀ-ਅਮਰ ਚਮਤਕਾਰ ਮਾਤਰੀ ਖਿਨ ਭੰਗਰੀ ਚੋਜਾਂ ਵਿਚ ਚੁੰਭਤ ਹੋਇ ਕੇ ਲੋਪ ਹੁੰਦਾ ਰਿਹਾ ਹੈ। ਕਲਿਜੁਗ ਵਿਖੇ ਹੀ ਗੁਰੂ ਜੋਤਿ ਕਲਾ ਉਪਕਾਰ ਕ੍ਰਿਸ਼ਮ ਕਰਾਮਾਤੀ ਰਾਜ ਜੋਗ ਅਮਰ, ਆਪਣੀ ਮੁਕੰਮਲ ਕਲਾ ਕ੍ਰਿਸ਼ਮਤਾ ਵਿਚ ਪ੍ਰਗਟ ਪਹਾਰੇ ਹੋਇ ਕੇ ਵਰਤਿਆ। ਸਤਿਜੁਗ ਵਿਖੇ ਤਾਂ ਕੇਵਲ ਇਹੋ ਕਲਾ-ਕ੍ਰਿਸ਼ਮੀ ਉਦਾਹਰਣ ਹੋਇਆ ਕਿ ਬਾਵਨ ਰੂਪ ਅਵਤਾਰੀ ਸਾਜ ਸਾਜ ਕੇ ਬਲ ਛਲ ਅਛਲ ਛਲਾਇਓ ਵਾਲਾ ਚੋਜ ਹੀ ਵਰਤਾਇਆ। ਮਛ, ਕਛ, ਬ੍ਰਾਹ ਮਈ ਕਉਤਕ ਕ੍ਰਿਸ਼ਮਿਆਂ ਦੁਆਰਾ ਆਪਣੀ ਜ਼ਾਹਰ ਕਲਾ ਦਾ ਜ਼ਹੂਰ ਦਿਖਾਇਆ। ਬਸ ਏਨ੍ਹਾਂ ਖ਼ਾਸ ਖ਼ਾਸ ਉਦਾਹਰਣਾਂ ਤੋਂ ਹੋਰ ਉਧਾਰ-ਨਿਸਤਾਰਕ ਜਗਤ ਸੁਧਾਰਕ ਵੱਡਾ ਸਾਂਗ ਨਹੀਂ ਵਰਤਿਆ। ਤ੍ਰੇਤੇ ਵਿੱਚ ਗੁਰੂ ਅਕਾਲ ਰਾਜ ਜੋਗ ਚਲਤ ਪ੍ਰਤਾਪੀ ਅਮਰ "ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰੁ ਘਾਇਆ"* ਵਾਲੇ ਰਾਮ ਅਵਤਾਰੀ ਨਾਦ ਵਿਚ ਨਿਰੂਪਨ

* ਚੰਡੀ ਦੀ ਵਾਰ, ਪਉੜੀ ੨



www.AKJ.Org

ਹੋਇਆ। ਦੁਆਪਰ ਵਿਚ ਕ੍ਰਿਸ਼ਨ ਮੁਰਾਰੀ ਕੰਸ ਬਿਦਾਰੀ ਅਵਤਾਰ ਬਲ ਭੀ ਗੁਰੂ-ਅਕਾਲ-ਪੁਰਖੀ-ਜੋਤਿ-ਕਲਾ ਕ੍ਰਿਸ਼ਮੇ ਤੋਂ ਹੀ ਉਤਪੰਨ ਹੋਇਆ। ਅਸੁਰ ਸੰਘਾਰ ਕੇ ਉਗਰਸੈਨ ਨੂੰ ਰਾਜ ਭੁਗਤਾਉਣ ਦਾ ਬਲ ਭੀ, ਹੇ ਕਲਾ ਕ੍ਰਿਸ਼ਮ ਗੁਰੂ ਨਾਨਕ ਤੈਂ ਹੀ ਬਖਸ਼ਿਆ। ਚਾਹੇ ਤੂੰ ਏਹਨਾਂ ਚੋਹਾਂ ਜੁਗਾਂ ਅੰਦਰ ਅਕਾਲ ਪੁਰਖ ਦੀ ਲੀਨਤਾ ਵਿੱਚ ਲੀਨ ਰਿਹਾ, ਪਰ ਅਟੱਲ ਪ੍ਰਤਾਪੀ ਰਾਜ ਜੋਗ ਅਮਰ ਤੇਰਾ ਹੀ ਵਰਤਦਾ ਰਿਹਾ। ਤੈਥੋਂ ਹੀ ਬਲ ਲੈ ਕੇ, ਅਰਥਾਤ ਤੇਰੇ ਹੀ ਬਲ ਪ੍ਰਤਾਪ ਨਾਲ ਤੇਹਾਂ ਜੁਗਾਂ ਦੇ ਅਵਤਾਰੀ ਕ੍ਰਿਸ਼ਮੇ ਵਰਤੇ। ਕੇਵਲ ਕਲਿਜੁਗ ਵਿਖੇ ਹੀ ਪੂਰਨ-ਜੋਤਿ-ਕਲਾਂ-ਕ੍ਰਿਸ਼ਮੀ ਵਡਾ ਸਾਂਗ ਤੁਧ ਵਰਤਾਇਆ। ਉਪ੍ਰੰਤ ਨੌਂ ਗੁਰੂ ਜਾਮੇ ਧਾਰ ਕੇ ਸ੍ਰੀ ਗੁਰੂ ਰਾਜ ਅਬਿਚਲ ਅਟੱਲ ਦਾ ਧੁਰਵਾ ਬੰਨ੍ਹਿਆ

ਚਾਹੇ ਤੇਹਾਂ ਪਹਿਲੇ ਜੁਗਾਂ ਅੰਦਰ ਸ੍ਰੀ ਗੁਰੂ ਅਬਿਚਲ ਅਟੱਲ ਅਮਰ ਰਾਜ ਪ੍ਰਤਾਪ ਦੀ ਹੀ ਜੋਤਿ-ਕਲਾ ਵਰਤਦੀ ਸੀ ਅਤੇ ਉਕਤ ਤੇਹਾਂ ਜੁਗਾਂ ਦੇ ਅਵਤਾਰਾਂ ਨੇ ਤੈਥੋਂ ਹੀ ਬਲ ਪ੍ਰਾਪਤ ਕੀਤਾ ਸੀ, ਪਰ ਏਹਨਾਂ ਅਵਤਾਰਾਂ ਵਿਚ ਊਣਤਾ ਰਹੀ। ਸਰਬ ਸਮਰੱਥਤਾ ਸੰਪੂਰਨ ਕਲਾ ਨਹੀਂ ਵਰਤੀ, ਕੋਈ ਨਾ ਕੋਈ ਕਾਂਪ ਖਾਂਦੇ ਹੀ ਰਹੇ। ਕਈ ਕਈ ਹਾਲਤਾਂ ਵਿੱਚ, ਕਈ ਕਈ ਕਾਂਪਾਂ ਵਿੱਚ ਕੰਪਾਇਨ ਹੋਇ ਕੇ ,ਪੂਰਨ ਅਵਤਾਰ-ਕਲਾ ਤੋਂ ਅਧੂਰੇ ਹੀ ਰਹਿੰਦੇ ਰਹੇ। ਸਰਬ ਕਲਾ ਸਮਰੱਥ ਹੋਏ ਤਾਂ ਕੇਵਲ ਦਸੇ ਗੁਰੂ ਅਵਤਾਰ ਹੋਏ। ਹੋਰ ਅਵਤਾਰਾਂ ਨੇ ਕੇਵਲ ਗਿਣਤੀ ਦੇ ਅਸੁਰ ਦੂਤ ਹੀ ਸੰਘਾਰੇ। ਓਹ ਭੀ ਓਹੀ, ਜਿਨ੍ਹਾਂ ਨੇ ਉਕਤ ਅਵਤਾਰਾਂ ਨੂੰ ਹੀ ਦੁਖ ਦਾਰੁਨ ਪਹੁੰਚਾਏ, ਯਾ ਜਿਨ੍ਹਾਂ ਨੇ ਉਹਨਾਂ ਅਵਤਾਰਾਂ ਦੀ ਵਿਰੋਧਤਾ ਕੀਤੀ। ਜਗਤ-ਉਧਾਰਨੀ-ਉਪਕਾਰ ਕਮਾਇਆ ਤਾਂ ਗੁਰੂ ਅਵਤਾਰਾਂ ਨੇ ਹੀ ਕਮਾਇਆ। ਪਰਜਾ ਨੂੰ ਦੁਖ ਦੇਣ ਵਾਲੇ ਦੁਸ਼ਟਾਂ ਦਾ ਦਮਨ ਭੀ ਕੀਤਾ ਅਤੇ ਵਡੇ ਪੈਮਾਨੇ ਪਰ ਕੀਤਾ, ਪਰ ਕਿਸੇ ਵਿਰੋਧਤਾ ਨਾਲ ਅਥਵਾ ਬਦਲਾ-ਲਊ ਕੀਨੇ ਵਾਲੀ ਸਪਿਰਿਟ ਨਾਲ, ਨਿਜ-ਸੁਆਰਥੀ ਬੁਗਜ਼ (ਵੈਰ) ਕੱਢਣ ਹਿਤ ਨਹੀਂ ਕੀਤਾ। ਦੀਨ ਦੁਖੀ ਨਿਰਬਲ ਗਰੀਬ ਪਰਜਾ ਦੀ ਰਖਿਆ ਲਈ ਕੀਤਾ, ਆਪਣਾ ਬਲ ਦਿਖਾਉਣ ਲਈ ਨਹੀਂ ਕੀਤਾ; ਆਪਣੀ ਕਲਾ ਸੰਪੰਨਤਾ ਨੂੰ ਪ੍ਰਗਟਾਉਣ ਖ਼ਾਤਰ ਨਹੀਂ ਕੀਤਾ, ਅਕਾਲ ਪੁਰਖ ਦੀ ਹੁਕਮ ਰਜ਼ਾ ਨੂੰ ਮੰਨ ਕੇ ਦੁਸ਼ਟ ਰਾਜ ਦਾ ਜ਼ੁਲਮ ਦੂਰ ਕਰਨ ਹਿਤ ਹੀ ਉਪਕਾਰ ਕਮਾਇਆ ਤੇ ਨਾਲੋ ਨਾਲ ਹੀ ਸਤਿਨਾਮ ਦਾ ਚੱਕਰ ਫਿਰਾਇਆ, ਅਤੇ "ਜੀਅ ਦਾਨੁ ਦੇ ਭਗਤੀ ਲਾਇਨਿ" ਵਾਲਾ ਸੱਚਾ ਜਗਤ-ਉਧਾਰ ਕਰਿ ਦਿਖਾਇਆ। ਐਸਾ ਨਹੀਂ ਕਿ ਆਮ ਅਵਤਾਰਾਂ ਵਾਂਗ ਦਸਕੁ ਅਸੁਰ ਸੰਘਾਰ ਕੇ ਆਪ ਹੀ ਆਪ ਨੂੰ ਬ੍ਰਹਮ ਕਹਾਉਣ ਦੀ ਚੇਸ਼ਟਾ ਸਹੇੜ ਕੇ ਮਤਸਰੀ ਬਫਨ-ਬਫਾਈ ਦਾ ਪਰਪੰਚ ਰਚਾਇਆ। 'ਦਸਕੁ ਅਸੁਰ ਹਰਿ ਘਾਏ' ਦਾ ਭਾਵ ਇਹੀ ਹੈ ਕਿ ਕੇਵਲ ਗਿਣਤੀ ਮਿਣਤੀ ਦੇ ਨਿਜ ਦ੍ਰੋਹੀ ਦੂਤਾਂ ਨੂੰ ਖਪਾਉਣ ਵਿਚ ਹੀ ਉਕਤ ਅਵਤਾਰਾਂ ਦੀ ਅਵਤਾਰ-ਕਲਾ ਖਰਚ ਹੋਈ। ਜਗਤ-ਉਧਾਰ ਦਾ ਕੋਈ ਜੀਵਨ ਜੋਤਿ-ਅਧਾਰੀ-ਉਪਕਾਰ ਤਿਨ੍ਹਾਂ ਨਹੀਂ ਕਮਾਇਆ। ਜਗਤ-ਦੋਖੀ-ਦੁਸ਼ਟਾਂ ਨੂੰ ਕਿਸੇ ਨਾ ਬਿਦਾਰਿਆ। ਜਗਤ-ਜਲੰਦੇ ਨੂੰ ਉਭਾਰਨ ਹਿਤ ਉਪਕਾਰ ਕਾਰਨਾਮੇ ਕਮਾਏ ਤੇ ਸਤਿਨਾਮ-ਵਿਥਾਰੀ ਉਪਦੇਸ਼ ਦ੍ਰਿੜ੍ਹਾਏ ਤਾਂ ਕੇਵਲ ਗੁਰੂ ਅਵਤਾਰਾਂ ਨੇ ਹੀ ਕਮਾਏ ਦ੍ਰਿੜ੍ਹਾਏ। ਏਥੇ ਇਹ ਮੁਕਾਬਲਾ ਨਹੀਂ ਕਿ ਜੇ ਆਮ ਅਵਤਾਰਾਂ ਨੇ ਦਸ ਕੁ ਅਸੁਰ ਹੀ ਸੰਘਾਰੇ ਤਾਂ ਗੁਰੂ ਅਵਤਾਰਾਂ ਨੇ ਕਿਤਨੇ ਅਸੁਰ ਸੰਘਾਰੇ? ਥੋੜੇ ਬਹੁਤਿਆਂ ਅਸੁਰਾਂ ਦੇ ਸੰਘਾਰਨ ਦਾ ਮੁਕਾਬਲਾ ਮੁਖ ਨਹੀਂ, ਤੇ ਨਾ ਹੀ ਨਿਰਬਲ ਯਾ ਬਲੀ, ਗ਼ਨੀਮ (ਜ਼ਾਲਮ) ਨੂੰ ਪਛਾੜਨ ਦਾ ਪ੍ਰਯੋਜਨ ਹੈ। ਪ੍ਰਯੋਜਨ ਹੈ ਤਾਂ ਇਹ ਕਿ ਆਮ ਅਵਤਾਰਾਂ ਦਾ ਕਸਬ ਤਾਂ ਕੇਵਲ ਨਿਜ ਦ੍ਵੈਖੀ ਬਿਦਾਰਨ ਹੀ ਰਿਹਾ ਹੈ। ਜਗਤ-ਦੋਖੀਆਂ, ਪਰਜਾ ਦੇ ਜ਼ੁਲਮੀ ਜ਼ਾਲਮਾਂ ਨੂੰ ਕਿਸੇ ਨੇ ਦੰਡ ਨਹੀਂ ਦਿੱਤਾ। ਬੱਸ ਉਨ੍ਹਾਂ ਦੀ ਨਿਜ ਅਵਤਾਰ ਪ੍ਰਗਟਾਵਣੀ ਅਹੰਮਤਿ ਤਾਂ ਐਥੇ ਤੀਕ ਹੀ ਹਾਵੀ ਰਹੀ ਕਿ ਦਸ ਕੁ ਅਸੁਰ ਸੰਘਾਰਨ ਦੇ ਬਲ-ਕਰਾਮਾਤੀ-ਕ੍ਰਿਸ਼ਮੇ ਦਿਖਾ ਕੇ ਆਪਣੇ ਆਪ ਨੂੰ ਬ੍ਰਹਮ ਕਹਾਉਣ ਦਾ ਪਰਪੰਚ ਰਚਾਉਂਦੇ ਰਹੇ। ਗੁਰੂ ਅਵਤਾਰਾਂ ਦੇ ਉਪਕਾਰਾਂ ਦੀ ਵਿਲੱਖਣਤਾ ਦੇ ਸਾਹਮਣੇ ਆਨ ਅਵਤਾਰਾਂ ਦੀ ਹੇਚਤਾ ਭਾਈ ਗੁਰਦਾਸ ਜੀ ਨੇ ਕੈਸੇ ਭਲੇ ਭਾਵ ਵਿਚ ਦਰਸਾਈ ਹੈ। ਯਥਾ :—

ਬ੍ਰਹਮਾਦਿਕ ਵੇਦਾ ਸਣੈ ਨੇਤਿ ਨੇਤਿ ਕਰਿ ਭੇਦੁ ਨ ਪਾਇਆ॥
ਮਹਾਂਦੇਵ ਅਵਧੂਤ ਹੋਇ ਨਮੋ ਨਮੋ ਕਰਿ ਧਿਆਨੁ ਨ ਆਇਆ॥
ਦਸ ਅਵਤਾਰ ਅਕਾਰ ਕਰਿ ਏਕੰਕਾਰ ਨ ਅਲਖੁ ਲਖਾਇਆ॥ ਵਾਰ ੧੬, ਪਉੜੀ ੧੪



www.AKJ.Org

ਬ੍ਰਹਮਾ ਵਡਾ ਅਖਾਇੰਦਾ ਨਾਭਿ ਕੰਵਲ ਦੀ ਨਾਲਿ ਸਮਾਣਾ ॥
ਆਵਾ ਗਵਣੁ ਅਨੇਕ ਜੁਗ ਓੜਕ ਵਿਚਿ ਹੋਆ ਹੈਰਾਣਾ ॥
ਓੜਕੁ ਕੀਤੋਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ ॥
ਚਾਰ ਬੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ ॥
ਲੋਕਾਂ ਨੋ ਸਮਝਾਇੰਦਾ ਦੇਖਿ ਸੁਰਸਤੀ ਰੂਪ ਲੁਭਾਣਾ ॥
ਚਾਰੇ ਬੇਦ ਗਵਾਇ ਕੈ ਗਰਬੁ ਗਰੂਰੀ ਕਰਿ ਪਛੁਤਾਣਾ ॥
ਅਕਥ ਕਥਾ ਨੇਤ ਨੇਤ ਵਖਾਣਾ ॥੭॥ ਵਾਰ ੧੨, ਪਉੜੀ ੭

ਬਿਸਨ ਲਏ ਅਵਤਾਰ ਦਸ ਵੈਰ ਵਿਰੋਧ ਜੋਧ ਸੰਘਾਰੇ ॥
ਮਛ ਕਛ ਵੈਰਾਹ ਰੂਪ ਹੋਇ ਨਰਸਿੰਘ ਬਾਵਨ ਬਉਧਾਰੇ ॥
ਪਰਸਰਾਮੁ ਰਾਮੁ ਕਿਸਨੁ ਹੋਇ ਕਿਲਕ ਕਲੰਕੀ ਅਤਿ ਅਹੰਕਾਰੇ ॥
ਖਤ੍ਰੀ ਮਾਰਿ ਇਕੀਹ ਵਾਰ ਰਾਮਾਇਣ ਕਰਿ ਭਾਰਥ ਭਾਰੇ ॥
ਕਾਮ ਕਰੋਧੁ ਨ ਸਾਧਿਓ ਲੋਭੁ ਮੋਹੁ ਅਹੰਕਾਰੁ ਨ ਮਾਰੇ ॥
ਸਤਿਗੁਰ ਪੁਰਖੁ ਨ ਭੇਟਿਆ ਸਾਧ ਸੰਗਤ ਸਹਲੰਗ ਨ ਸਾਰੇ ॥
ਹਉਮੈ ਅੰਦਰਿ ਕਾਰਿ ਵਿਕਾਰੇ ॥੮॥ ਵਾਰ ੧੨, ਪਉੜੀ ੮

ਮਹਾਦੇਉ ਅਉਧੂਤ ਹੋਇ ਤਾਮਸ ਅੰਦਰਿ ਜੋਗੁ ਨ ਜਾਣੈ ॥
ਭੈਰੋ ਭੂਤ ਕੁਸੂਤ ਵਿਚਿ ਖੇਤ੍ਰਪਾਲ ਬੈਤਾਲ ਧਿਙਾਣੈ ॥
ਅਕ ਧਤੂਰਾ ਖਾਵਣਾ ਰਾਤੀ ਵਾਸਾ ਮੜ੍ਹੀ ਮਸਾਣੈ ॥
ਪੈਨੈ ਹਾਥੀ ਸੀਹ ਖਲ ਡਉਰੂ ਵਾਇ ਕਰੈ ਹੈਰਾਣੈ ॥
ਨਾਥਾ ਨਾਥ ਸਦਾਇਦਾ ਹੋਇ ਅਨਾਥੁ ਨ ਹਰਿ ਰੰਗੁ ਮਾਣੈ ॥
ਸਿਰਠਿ ਸੰਘਾਰੈ ਤਾਮਸੀ ਜੋਗੁ ਨ ਭੋਗੁ ਨ ਜੁਗਤਿ ਪਛਾਣੈ ॥
ਗੁਰਮੁਖਿ ਸੁਖ ਫਲੁ ਸਾਧ ਸੰਗਾਣੈ ॥੯॥ ਵਾਰ ੧੨, ਪਉੜੀ ੯

ਹੋਰ ਰਿਖੀਆਂ ਮੁਨੀਆਂ ਬਾਬਤ ਭਾਈ ਗੁਰਦਾਸ ਜੀ ਇਉਂ ਦਸਦੇ ਹਨ :—

ਵਡੀ ਆਰਜਾ ਇੰਦ੍ਰ ਦੀ ਇੰਦ੍ਰਪੁਰੀ ਵਿਚਿ ਰਾਜੁ ਕਮਾਵੈ ॥
ਚਉਦਹ ਇੰਦ੍ਰ ਵਿਣਾਸੁ ਕਾਲਿ ਬ੍ਰਹਮੇ ਦਾ ਇਕ ਦਿਵਸੁ ਵਿਹਾਵੈ ॥
ਧੰਧੇ ਹੀ ਬ੍ਰਹਮਾ ਮਰੈ ਲੋਮਸ ਦਾ ਇਕੁ ਰੋਮ ਛਿਜਾਵੈ ॥
ਸੇਸ਼ ਮਹੇਸ ਵਖਾਣੀਅਨਿ ਚਿਰੰਜੀਵ ਹੋਇ ਸਾਂਤਿ ਨ ਆਵੈ ॥
ਜੋਗ ਭੋਗ ਜਪ ਤਪ ਘਣੇ ਲੋਕ ਵੇਦ ਸਿਮਰਣੁ ਨ ਸੁਹਾਵੈ ॥
ਆਪੁ ਗਣਾਇ ਨ ਸਹਜਿ ਸਮਾਵੈ ॥੧੦॥ ਵਾਰ ੧੨, ਪਉੜੀ ੧੦

ਨਾਰਦੁ ਮੁਨੀ ਅਖਾਇੰਦਾ ਅਗਮੁ ਜਾਣਿ ਨ ਧੀਰਜੁ ਆਣੈ ॥
ਸੁਣਿ ਸੁਣਿ ਮਸਲਤਿ ਮਜਲਸੈ ਕਰਿ ਕਰਿ ਚੁਗਲੀ ਆਖਿ ਵਖਾਣੈ ॥
ਬਾਲ ਬੁਧਿ ਸਨਕਾਦਿਕਾ ਬਾਲ ਸੁਭਾਇ ਨਵਿਰਤੀ ਹਾਣੈ ॥
ਜਾਇ ਬੈਕੁੰਠਿ ਕਰੋਧੁ ਕਰਿ ਦੇਇ ਸਰਾਪੁ ਜੈ ਬਿਜੈ ਧਿਙਾਣੈ ॥
ਅਹੰਮੇਉ ਸੁਕਦੇਉ ਕਰ ਗਰਭ ਵਾਸਿ ਹਉਮੈ ਹੈਰਾਣੈ ॥
ਚੰਦੁ ਸੂਰਜੁ ਅਉਲੰਗ ਭਰੈ ਉਦੈ ਅਸਤ ਵਿਚਿ ਆਵਣ ਜਾਣੈ ॥
ਸਿਵ ਸਕਤੀ ਵਿਚਿ ਗਰਬੁ ਗੁਮਾਣੈ ॥੧੧॥ ਵਾਰ ੧੨, ਪਉੜੀ ੧੧



www.AKJ.Org

ਇਸ ਤੋਂ ਅਗੇ ਧ੍ਰੂ, ਪ੍ਰਹਿਲਾਦ, ਜਨਕ ਆਦਿ ਭਗਤਾਂ ਦੀ ਗਤੀ ਭਾਈ ਸਾਹਿਬ ਭਾਈ ਗੁਰਦਾਸ ਜੀ ਇਸ ਤਰ੍ਹਾਂ ਸੁਣਾਉਂਦੇ ਹਨ :—

ਧ੍ਰੂ ਪ੍ਰਹਿਲਾਦੁ ਭਿਭੀਖਣੋ ਅੰਬਰੀਕੁ ਬਲਿ ਜਨਕ ਵਖਾਣਾ ॥
ਰਾਜ ਕੁਆਰ ਹੋਇ ਰਾਜਸੀ ਆਸਾ ਬੰਧੀ ਚੋਜ ਵਿਡਾਣਾ ॥
ਧ੍ਰੂ ਮਤਰੇਈ ਚੰਡਿਆ ਪੀਉ ਫੜਿ ਪ੍ਰਹਿਲਾਦੁ ਰਵਾਣਾ ॥
ਭੇਦ ਭਿਭੀਖਣੁ ਲੰਕ ਲੈ ਅੰਬਰੀਕੁ ਲੈ ਚਕ੍ਰ ਲੁਭਾਣਾ ॥
ਪੈਰੁ ਕੜਾਹੇ ਜਨਕ ਦਾ ਕਰਿ ਪਾਖੰਡ ਧਰਮ ਧਿਙਾਣਾ ॥
ਆਪੁ ਗਣਾਇ ਵਿਗੁਚਣਾ ਦਰਗਹ ਪਾਏ ਮਾਣੁ ਨਿਮਾਣਾ ॥
ਗੁਰਮੁਖਿ ਸੁਖ ਫਲੁ ਪਤਿ ਪਰਵਾਣਾ ॥੧੪॥ ਵਾਰ ੧੨, ਪਉੜੀ ੧੪

ਅਗੇ ਚਲ ਕੇ ਭਾਈ ਗੁਰਦਾਸ ਜੀ ਉਸ ਕਾਂਪ ਤੇ ਖ਼ਾਮੀ ਨੂੰ ਦਰਸਾਉਂਦੇ ਹਨ ਜੋ ਗੁਰ-ਦੀਖਿਆ ਤੋਂ ਪਹਿਲਾਂ, ਗੁਰ-ਪਾਰਸ-ਕਲਾ ਭੇਟੇ ਜਾਣ ਤੋਂ ਪਹਿਲਾਂ ਕਲਿਜੁਗ ਦੇ ਭਗਤਾਂ ਵਿਚ ਰਹਿ ਗਈ ਹੋਈ ਸੀ :—

ਕਲਿਜੁਗ ਨਾਮਾ ਭਗਤਿ ਹੋਇ ਫੇਰਿ ਦੇਹੁਰਾ ਗਾਇ ਜਿਵਾਈ ॥
ਭਗਤੁ ਕਬੀਰ ਵਖਾਣੀਐ ਬੰਦੀਖਾਨੇ ਤੇ ਉਠਿ ਜਾਈ ॥
ਧੰਨਾ ਜਟੁ ਉਧਾਰਿਆ ਸਧਨਾ ਜਾਤਿ ਅਜਾਤ ਕਸਾਈ ॥
ਜਨੁ ਰਵਿਦਾਸੁ ਚਮਾਰੁ ਹੋਇ ਚਹੁੰ ਵਰਨਾਂ ਵਿਚਿ ਕਰਿ ਵਡਿਆਈ ॥
ਬੇਣਿ ਹੋਆ ਅਧਿਆਤਮੀ ਸੈਣੁ ਨੀਚ ਕੁਲ ਅੰਦਰਿ ਨਾਈ ॥
ਪੈਰੀ ਪੈ ਪਾਖਾਕ ਹੋਇ ਗੁਰਸਿਖਾਂ ਵਿੱਚਿ ਵਡੀ ਸਮਾਈ ॥
ਅਲਖ ਲਖਾਇ ਨ ਅਲਖੁ ਲਖਾਈ ॥੧੫॥ ਵਾਰ ੧੨, ਪਉੜੀ ੧੫

ਗੁਰ-ਦੀਖਸ਼ਤ ਗੁਰਸਿੱਖਾਂ ਦੇ ਮੁਕਾਬਲੇ ਵਿੱਚ ਗੁਰ-ਦੀਖਿਆ-ਹੀਣ ਭਗਤ ਜਨਾਂ ਅੰਦਰ ਹਉਮੈ ਦੀ ਕਾਈ ਰਹਿ ਜਾਂਦੀ ਹੈ ਅਤੇ ਗੁਰਸਿਖਾਂ ਵਾਲੀ ਵਡੀ ਸਮਾਈ ਅਜਰ ਜਰਾਈ ਵਾਲੀ ਜੀਰਾਂਦ ਨਹੀਂ ਉਪਜਦੀ।

ਤਾਂ ਤੇ ਦੀਖਿਆ ਦੇਣਹਾਰੇ, ਸੱਚੀ ਦੀਖਸ਼ਤਾ ਦੇ ਧਨੀ, ਗੁਰੱਤਤਾ ਪਦ ਵਾਲੀ ਦੀਖਸ਼ਤਾ ਦੇ ਇੱਕੋ ਇਕ ਸਮਰੱਥ ਅਧਿਕਾਰੀ, ਗੁਰੂ ਅਵਤਾਰਾਂ ਦੇ ਨਾਲ, ਇਸ ਗੁਰੱਤਤਾ-ਪਦ-ਸ਼ੂਨ ਆਨ ਇਤਰ ਮਤ-ਮਤਾਂਤ੍ਰ ਅਵਤਾਰਾਂ ਦਾ ਟਾਕਰਾ ਹੀ ਕੀ ? ਧੁਰ ਦਰਗਾਹੋਂ ਗੁਰੱਤਤਾ ਦੀ "ਜੀਅ ਦਾਨੁ ਦੇ ਭਗਤੀ ਲਾਇਨਿ" ਵਾਲੇ ਏਜ਼ਦੀ ਅਧਿਕਾਰ ਦੀ ਵਕਫ਼-ਸ਼ੁਦਾ ਗੁਰੱਤਤਾ ਦੀ ਸਮਾਨਤਾ, ਸਮਰੱਥਤਾ ਨੂੰ ਆਨ ਅਵਤਾਰਾਂ ਦੀ ਮਤਸਰਤਾ-ਮਿਸਰਤ-ਅਵਤਾਰ-ਮਹਿਮਾ ਨਾਲ ਰਲਾਉਣਾ ਮਿਲਾਉਣਾ ਐਵੇਂ ਗੁਰ-ਮਹਿਮਾ-ਮਹਾਨਤਾ ਨੂੰ ਘਟਾਉਣਾ ਤੇ ਅਨਥਾ ਅਨੁਥਾਉਣਾ ਹੀ ਹੈ। ਆਨ ਅਵਤਾਰ ਪੈਗ਼ੰਬਰ ਤਾਂ ਗੁਰਪੁਰੀ ਦੇ ਦਰ ਤੇ ਖੜੇ ਗੁਰ-ਦੀਖਿਆ ਰੂਪੀ ਭੀਖਿਆ ਦੇ ਮੰਗਤੇ ਹਨ, ਜਿਨ੍ਹਾਂ ਨੂੰ ਗੁਰ-ਉਪਦੇਸ਼ ਮਈ ਦੀਖਿਆ ਤੋਂ ਬਿਨਾਂ ਸ਼ਾਂਤ ਨਹੀਂ ਆਉਂਦੀ। ਸਾਰੇ ਅਵਤਾਰ ਪੈਗ਼ੰਬਰ ਤਾਂ ਗੁਰੂ ਅਕਾਲ ਪੁਰਖ ਦੇ ਦਰ ਤੋਂ ਉਰੇਡੇ ਹੀ ਬਿਲਲ-ਬਿਨੰਤੀਆਂ ਕਰ ਰਹੇ ਹਨ। ਸਤਿਗੁਰ ਦੀ ਸੱਚੀ ਬਸੀਠੀ ਬਾਝੋਂ ਤਿਨ੍ਹਾਂ ਦਾ ਪਾਰ-ਉਤਾਰਾ ਨਹੀਂ ਹੁੰਦਾ, ਤੇ ਅਕਾਲ ਪੁਰਖ ਦੇ ਦਰ ਤੇ ਢੋਈ ਨਹੀਂ ਮਿਲਦੀ।

ਗੁਰੂ ਵਿਚ ਅਕਾਲ ਪੁਰਖ ਦਾ ਨਿਜ ਸਰੂਪ ਸਥਿਤ ਹੈ, ਜੋ ਆਨ ਅਵਤਾਰਾਂ ਵਿੱਚ ਨਹੀਂ। ਤੇ ਗੁਰ-ਅਵਤਾਰ ਦੀ ਦੀਖਿਆ-ਬਸੀਠੀ ਬਿਨਾਂ ਕਿਸੇ ਦੀ ਤੱਤ-ਗਤੀ ਨਹੀਂ। ਜਿਹਾ ਕਿ ਆਸਾ ਦੀ ਵਾਰ ਵਿਚ ਸਾਫ਼ ਲਿਖਿਆ ਹੈ:—

ਬਿਨੁ ਸਤਿਗੁਰ ਕਿਨੈ ਨਾ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥ ਸਤਿਗੁਰ ਵਿਚਿ ਆਪੁ ਰਖਿਓਨ ਕਰਿ ਪਰਗਟੁ ਆਖਿ ਸੁਣਾਇਆ ॥ ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥ ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥ ਜਗਜੀਵਨੁ ਦਾਤਾ ਪਾਇਆ ॥੬॥ ਆਸਾ ਮ: ੧, ਪੰਨਾ ੪੬੬

['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ


www.AKJ.Org

# ਚੜ੍ਹਿਆ ਸੋਧਣਿ ਧਰਤਿ ਲੁਕਾਈ

[ਸ. ਸਰੂਪ ਸਿੰਘ ਜੀ ਅਲਗ, ਪਟਿਆਲਾ]

ਗੁਰੂ ਨਾਨਕ ਦੇਵ ਜੀ ਦਾ ਸੰਸਾਰ-ਆਗਮਨ ਵਿਸ਼ਵ ਦੇ ਧਾਰਮਕ ਇਤਿਹਾਸ ਵਿਚ ਇਕ ਬਹੁਤ ਵੱਡੀ ਘਟਨਾ ਗਿਣੀ ਜਾਂਦੀ ਹੈ, ਕਿਉਂਕਿ ਇਸ ਮਹਾਨ ਜੋਤਿ ਨੇ ਸੰਸਾਰ ਵਿਚ ਜਿਨ੍ਹਾਂ ਸਿਧਾਂਤਾਂ, ਅਸੂਲਾਂ, ਰਹੁ-ਰੀਤੀਆਂ, ਉਪਚਾਰਕਤਾਵਾਂ ਦਾ ਪਰਚਾਰ ਕੀਤਾ, ਉਹ ਸਮੁੱਚੇ ਇਨਸਾਨੀ ਭਾਈਚਾਰੇ ਦੇ ਸੰਪੂਰਨ ਕਲਿਆਣ ਨਾਲ ਸੰਬੰਧਤ ਸਨ, ਕਿਸੇ ਇਕ ਫ਼ਿਰਕੇ, ਇਕ ਜਾਤ, ਇਕ ਬਰਾਦਰੀ ਲਈ ਨਹੀਂ।

ਗੁਰੂ ਸਾਹਿਬ ਇਸ ਸੰਸਾਰ ਵਿਚ ਇਕ ਗੀਤ ਦੀ ਨਿਆਈਂ ਪਧਾਰੇ, ਆਪਣੇ ਮਿੱਠੇ ਤੇ ਪਿਆਰ ਭਰੇ ਬੋਲਾਂ ਰਾਹੀਂ ਲੋਕਾਂ ਦੇ ਹਿਰਦਿਆਂ ਨੂੰ ਨਿਰਮਲ ਤੇ ਸਵੱਛ ਕੀਤਾ ਤੇ ਉਹਨਾਂ ਦੇ ਮਨਾਂ ਦੀ ਮੈਲ਼ ਲਾਹ ਦਿੱਤੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹਨਾਂ ਦਾ ਸਰਬ ਮਾਨਵੀ ਮਿਸ਼ਨ ਇਕ ਖੁਸ਼ਬੂਦਾਰ ਫੁਲ ਦੀ ਭਾਂਤੀ ਸੰਸਾਰ ਵਿਚ ਖਿੜਿਆ, ਜਿਸ ਨੇ ਵਾਤਾਵਰਨ ਨੂੰ ਆਪਣੀ ਰਸ-ਭਿੰਨੀ ਖੁਸ਼ਬੂ ਨਾਲ ਮੁਅੱਤਰ ਕਰ ਦਿੱਤਾ। ਉਹਨਾਂ ਨੇ ਆਪਣੇ ਅਲੌਕਿਕ ਬੋਲਾਂ ਅਤੇ ਮਧੁਰ ਪੁਰ-ਦਲੀਲ ਬਚਨਾਂ ਦੁਆਰਾ ਆਮ ਲੋਕਾਈ ਨੂੰ ਭਰਮਾਂ ਵਹਿਮਾਂ ਦੀ ਵਿਫਲਤਾ ਤੋਂ ਸੁਚੇਤ ਕਰਦਿਆਂ ਹੋਇਆਂ, ਉਸ ਦਾ ਮੂੰਹ ਦੇਵੀ ਦੇਵਤਿਆਂ ਵਲੋਂ ਭੰਵਾ ਕੇ, ਅਕਾਲ ਪੁਰਖ ਵਲ ਕਰਨ ਦਾ ਲਾਮਿਸਾਲ ਕਾਰਨਾਮਾ ਸਰਇੰਜਾਮ ਦਿਤਾ। ਇਕ ਪਾਸੇ ਮਨੁੱਖ ਦਾ ਨਾਤਾ ਅਕਾਲ ਪੁਰਖ ਨਾਲ ਜੋੜਿਆ ਅਤੇ ਦੂਜੇ ਪਾਸੇ ਸਮਤੁਲਤਾ ਬਰਾਬਰੀ ਦੇ ਆਧਾਰ ਤੇ ਮਨੁੱਖ ਦੀ ਦੂਜੇ ਮਨੁੱਖ ਨਾਲ ਸਾਂਝ ਪਵਾਈ, ਤਾਂ ਜੁ ਮਾਨਵਤਾ ਵਿਚ ਬਿਨਾਂ ਕਿਸੇ ਇਮਤਿਆਜ਼ ਦੇ ਭਾਈਚਾਰੇ ਵਾਲੀਆਂ ਭਰਾਤਰੀ ਭਾਵਨਾਵਾਂ ਉਜਾਗਰ ਹੋ ਸਕਣ ਤੇ ਆਪਸੀ ਸਨੇਹ ਤੇ ਪਰਸਪਰ ਪਿਆਰ ਪਰਫੁਲਤ ਹੋ ਸਕੇ। ਇਸ ਭਾਵਨਾ ਦੀ ਉਸ ਸਮੇਂ ਸਭ ਤੋਂ ਵੱਧ ਲੋੜ ਇਸ ਲਈ ਵੀ ਸੀ ਕਿਉਂਕਿ ਉਸ ਸਮੇਂ ਭਾਰਤੀ ਸਮਾਜ ਵਿਚੋਂ ਧਰਮ ਪੰਖ ਲਾ ਕੇ ਉਡ ਚੁਕਾ ਸੀ—

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜ੍ਹਿਆ ॥੧॥੧੬॥ (ਪੰਨਾ ੧੪੫)

ਰਾਜੇ ਵਢੀ-ਖ਼ੋਰ ਹੋ ਚੁਕੇ ਸਨ। ਬਾਬਰ ਦੇ ਹਮਲੇ ਸਮੇਂ ਜੋ ਦੁਰਾਚਾਰ ਹੋਏ, ਉਹਨਾਂ ਨੇ ਇਨਸਾਨੀ ਜ਼ਿੰਦਗੀ ਵਿਚ ਦਰਿੰਦਗੀ ਦਾ ਪਸਾਰਾ ਕਰ ਦਿੱਤਾ। ਰਾਜੇ ਸ਼ੀਂਹ ਬਣ ਗਏ ਤੇ ਇਨਸਾਫ਼ ਕਰਨ ਵਾਲੇ ਕੁੱਤੇ। ਉਹ ਰਿਸ਼ਵਤ ਲੈ ਕੇ ਲੋਕਾਂ ਦਾ ਹੱਕ ਗੰਵਾ ਦੇਣ ਵਿਚ ਜ਼ਰਾ ਵੀ ਨਹੀਂ ਸਨ ਝਿਜਕਦੇ; ਜ਼ਮੀਰ ਨਾਂ ਦੀ ਚੀਜ਼ ਉਹਨਾਂ ਦੇ ਜੀਵਨ ਵਿਚੋਂ ਨਿਕਲ ਚੁਕੀ ਸੀ। ਇਥੇ ਹੀ ਬੱਸ ਨਹੀਂ, ਜ਼ਾਤਾਂ ਪਾਤਾਂ ਵਿਚ ਵੰਡੇ ਲੋਕ ਕਈ ਪ੍ਰਕਾਰ ਦੀਆਂ ਵਧੀਕੀਆਂ ਦੇ ਸ਼ਿਕਾਰ ਹੋ ਰਹੇ ਸਨ। ਹਰ ਪਾਸੇ ਜ਼ਿੰਦਗੀ ਦੀ ਗਰਦਸ਼ ਤੇ ਜ਼ੁਲਮਾਂ, ਅਤਿਆਚਾਰਾਂ ਤੇ ਨਾ-ਇਨਸਾਫ਼ੀਆਂ ਦੇ ਪਰਹਾਰ ਹੋਣੇ ਇਕ ਸੁਭਾਵਕ ਗੱਲ ਸਮਝੀ ਜਾਣ ਲੱਗ ਪਈ ਸੀ। ਅਜਿਹੀ ਡਰਾਉਣੀ ਤੇ ਘਿਨਾਉਣੀ ਪਿਠ-ਭੂਮੀ ਵਿਚ ਕਿਸੇ ਮਰਦਿ-ਕਾਮਲ ਵਲੋਂ ਕੌਮ ਨੂੰ ਮੁੜ ਸੁਰਜੀਤ ਕਰਨਾ, ਉਸ ਦਾ ਮਨੋਬਲ ਕਾਇਮ ਕਰਨਾ, ਬੇਤਰੀਨ ਮਾਨਵੀ ਕਦਰਾਂ ਨੂੰ ਜਨ-ਜੀਵਨ ਵਿਚ ਸੰਚਤ ਕਰਕੇ ਮਨੁੱਖ ਮਾਤਰ ਨੂੰ ਧਰਮ ਦੀ ਟੇਕ ਹੇਠ ਲਿਆਉਣਾ ਇਕ ਅਜਿਹਾ ਕਾਰਨਾਮਾ ਸੀ, ਜਿਸ ਨੂੰ ਸੰਪੂਰਨਤਾ ਬਖਸ਼ਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ, ਪਰ ਸਦਕੇ ਜਾਈਏ ਗੁਰੂ ਨਾਨਕ ਦੇਵ ਜੀ ਦੇ, ਜਿਨ੍ਹਾਂ ਨੇ ਇਹ ਬੀੜਾ ਚੁਕਿਆ ਤੇ ਕਮਾਲ ਹਦ ਤਕ ਕਾਮਯਾਬੀ ਪ੍ਰਾਪਤ ਕੀਤੀ। ਉਹਨਾਂ ਨੇ ਸਭ ਨੂੰ ਵੰਡ ਛਕਣ, ਧਰਮ ਦੀ ਕਮਾਈ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ, ਨਾਮ ਜਪਣ ਤੇ ਸਰਬੱਤ ਦਾ ਭਲਾ ਮੰਗਣ ਦੇ ਕੇਵਲ ਉਪਦੇਸ਼ ਹੀ ਨਹੀਂ ਦਿਤੇ, ਸਗੋਂ ਖ਼ੁਦ ਆਪ ਇਨ੍ਹਾਂ ਤੇ ਅਮਲ ਕਰਕੇ ਵਿਖਾਇਆ। ਜ਼ਾਤ ਪਾਤ ਵਿਚ ਗ੍ਰਸੇ ਹਉਮੈ ਭਰੇ ਹੰਕਾਰੀਆਂ ਨੂੰ ਤਾਕੀਦ ਕੀਤੀ ਕਿ ਇਸ ਗੱਲ ਦਾ ਕੋਈ ਅਰਥ ਨਹੀਂ ਕਿ ਤੁਸੀਂ ਉਚੀ ਜ਼ਾਤ ਜਾਂ ਕੁਲ ਵਿਚ ਪੈਦਾ ਹੋਏ ਹੋ, ਨਬੇੜਾ ਤਾਂ ਅਮਲਾਂ ਅਨੁਸਾਰ ਹੋਣਾ ਹੈ—

"ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥੪॥੧੦॥ (੧੩੩੦)



www.AKJ.Org

ਮਾਇਆ-ਧਾਰੀਆਂ, ਪੂੰਜੀ-ਪਤੀਆਂ ਤੇ ਧਨਾਢਾਂ ਨੂੰ ਝੰਜੋੜ ਕੇ ਕਿਹਾ ਕਿ ਮਾਇਆ ਦੀ ਪ੍ਰਾਪਤੀ ਵਿਚ ਤੁਸੀਂ ਸ਼ੈਤਾਨ ਦੀ ਹੱਦ ਤਕ ਨੀਚ ਹੋ ਜਾਂਦੇ ਹੋ; ਇਖ਼ਲਾਕ, ਸਦਾਚਾਰ ਤੇ ਧਾਰਮਕ ਉਪਦੇਸ਼ਾਂ ਨੂੰ ਵੀ ਛਿਕੇ ਤੇ ਟੰਗ ਕੇ ਤੁਸੀਂ ਮਾਇਆ ਦੀ ਪ੍ਰਾਪਤੀ ਵਿਚ ਅਗਰਸਰ ਹੋਏ ਰਹਿੰਦੇ ਹੋ, ਜਦ ਕਿ ਇਸ ਨੇ ਤੁਹਾਡੇ ਨਾਲ ਨਹੀਂ ਜਾਣਾ :

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾਂ ਬਾਝਹੁ ਹੋਵੈ ਨਾਹੀ, ਮੋਇਆ ਸਾਥਿ ਨ ਜਾਈ ॥੩॥੧੨॥ (ਪੰਨਾ ੪੧੭)

ਇਹ ਹਾਲਤ ਦਸਦਿਆਂ ਹੋਇਆਂ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੪੧੭ ਤੇ ਅੰਕਤ ਉਹਨਾਂ ਦੇ ਸ਼ਬਦ ਅਨੁਸਾਰ ਮਾਇਆ ਨੂੰ ਉਹਨਾਂ ਨੇ ਕੇਵਲ ਗੁਜ਼ਰਾਨ ਕਿਹਾ ਹੈ, ਇਸ ਦੇ ਬਹੁਤੇ ਹੋਣ ਨੂੰ ਜੰਜਾਲ ਤੇ ਘਟ ਹੋਣ ਨੂੰ ਵਬਾਲ ਦਸਿਆ ਹੈ। ਇਸੇ ਵਿਚਾਰ ਨੂੰ ਅਗੇ ਜਾ ਕੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਵੀ ਪਰਪਕ ਕਰਦਿਆਂ ਫ਼ੁਰਮਾਇਆ:—

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ ਪੰਨਾ ੧੦੧੯

ਇਸ ਲਈ ਮਾਇਆ ਦੀ ਸਹੀ ਕਮਾਈ, ਨੇਕ ਕਿਰਤ, ਸਚ ਵਿਹਾਰ ਤੇ ਨਿਰਭਰ ਕਰਦੀ ਤੇ ਅਜਿਹੀ ਕਮਾਈ ਹੋਈ ਮਾਇਆ ਵਿਚੋਂ ਵੀ ਫਿਰ ਵੰਡ ਕੇ ਛਕਣਾ ਹੈ, ਤਾਂ ਜੁ ਕੋਈ ਭੁੱਖਾ ਨਾ ਰਹੇ। ਕਿਰਤ, ਆਰਥਿਕ ਸੁਤੰਤਰਤਾ ਲਈ ਕਰਨੀ ਹੈ, ਮਾਇਆ ਦੇ ਬੇਲੋੜੇ ਪਸਾਰੇ ਤੇ ਵਾਧੇ ਲੈਂਈ ਕਦਾਚਿਤ ਨਹੀਂ।

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥੨੨॥ (੧੨੪੫)

ਮਾਇਆ ਪ੍ਰਾਪਤੀ ਦੇ ਅਮਲ ਵਿਚ ਲੁਟ ਖਸੁਟ ਤੇ ਦੂਜੇ ਦੇ ਹੱਕਾਂ ਨੂੰ ਹੜੱਪ ਕਰ ਜਾਣ ਤੋਂ ਦੂਰ ਰਹਿਣ ਲਈ ਸਖ਼ਤ ਤਾਕੀਦ ਕਰਦਿਆਂ ਹੋਇਆਂ ਫ਼ੁਰਮਾਇਆ :—

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥੨॥੮॥ ਪੰਨਾ ੧੪੧

ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਕਿਸੇ ਇਕ ਜ਼ਾਤ, ਇਕ ਫ਼ਿਰਕੇ ਲਈ ਨਹੀਂ, ਸਗੋਂ ਹਿੰਦੂ ਮੁਸਲਮਾਨਾਂ ਸਾਰਿਆਂ ਲਈ ਹੈ। ਉਹ ਹਿੰਦੂਆਂ ਨੂੰ ਚੰਗਾ ਹਿੰਦੂ ਬਣਨ ਲਈ ਉਭਾਰਦੇ ਤੇ ਮੁਸਲਮਾਨਾਂ ਨੂੰ ਆਪਣੇ ਅਕੀਦੇ ਅਨੁਸਾਰ ਜੀਵਨ ਜੀਣ ਦਾ ਪੈਗ਼ਾਮ ਦੇਂਦੇ ਸਨ। ਮੱਕੇ ਦੇ ਹਾਜੀਆਂ ਦੇ ਪੁਛਣ ਤੇ ਕਿ ਹਿੰਦੂ ਚੰਗੇ ਹਨ ਕਿ ਮੁਸਲਮਾਨ, ਦੇ ਉਤਰ ਵਿਚ ਉਹਨਾਂ ਫ਼ੁਰਮਾਇਆ:—

ਬਾਬਾ ਆਖੇ ਹਾਜੀਆ ਸ਼ੁਭ ਅਮਲਾ ਬਾਝਹੁ ਦੋਨੋ ਰੋਈ ॥
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ ॥੩੩॥੧॥ [ਭਾਈ ਗੁਰਦਾਸ ਜੀ

ਉਹਨਾਂ ਦੀਆਂ ਨਜ਼ਰਾਂ ਵਿਚ "੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ" ਵਾਲੇ ਅਕਾਲ ਪੁਰਖ ਨੂੰ ਪ੍ਰਾਪਤ ਕਰਨ ਲਈ ਸਚਾ ਵਿਹਾਰ ਹੋਣਾ ਅਤਿ ਜ਼ਰੂਰੀ ਹੈ। ਸਚ ਦਾ ਮੇਲ ਸਚ ਨਾਲ ਹੀ ਹੋ ਸਕਦਾ ਹੈ। ਸੁਚੇ ਭਾਂਡੇ ਵਿਚ ਹੀ ਸੁਚੀ ਵਸਤ ਸਮਾ ਸਕਦੀ ਹੈ। ਇਸ ਲਈ ਸਚ ਅਚਾਰ ਤੇ ਸ਼ੁਭ ਕਰਮਨ ਸੁਚੱਜੀ ਇਨਸਾਨੀ ਜ਼ਿੰਦਗੀ ਦੀਆਂ ਪ੍ਰਬਲ ਅਵਸ਼ਕਤਾਵਾਂ ਹਨ।

ਇਸ ਵਿਸ਼ੇ ਤੇ ਇਹ ਕਹਿ ਕੇ ਗੁਰੂ ਸਾਹਿਬ ਨੇ ਗੱਲ ਮੁਕਾਈ ਕਿ 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ* ਅਤੇ ਇਹ ਵੀ ਦਸਿਆ ਕਿ ਇਹ ਸੱਚ ਦੁਨੀਆ ਵਿਚ ਵਿਚਰ ਕੇ ਕਮਾਉਣ ਨਾਲ ਅਕਾਲ ਪੁਰਖ ਦੇ ਦਰਬਾਰ ਵਿਚ ਰਸਾਈ ਹੋ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ ਹਰ ਸ਼ੋਬੇ ਤੇ ਲਾਮਿਸਾਲ ਪਰਵਚਨ ਕੀਤੇ ਤੇ ਇਨਸਾਨੀ ਜ਼ਿੰਦਗੀ ਨੂੰ ਉਚੇ ਸੁਚੇ ਇਖ਼ਲਾਕ ਨਾਲ ਮਾਲਾ ਮਾਲ ਕਰ ਦਿੱਤਾ। ਜੀਵਨ ਵਿਚ ਸਦੀਆਂ ਤੋਂ ਪਸਰੇ ਆ ਰਹੇ ਵਹਿਮਾਂ,

* ਸਿਰੀਰਾਗੁ ਮਹਲਾ ੧, ਪੰਨਾ ੬੨। ਇਸ ਤੁਕ ਦੇ ਅਰਥ ਪ੍ਰੋ: ਸਾਹਿਬ ਸਿੰਘ ਜੀ ਨੇ ਇਉਂ ਕੀਤੇ ਹਨ—(ਹਰੇਕ ਕਰਮ) ਸਦਾ ਥਿਰ ਪ੍ਰਭੂ ਦਾ ਨਾਮ ਸਿਮਰਨ ਤੋਂ ਘਟੀਆ ਹੈ, ਸਿਮਰਨ ਰੂਪ ਕਰਮ ਸਭ ਕਰਮਾਂ ਧਰਮਾਂ ਤੋਂ ਸ੍ਰੇਸ਼ਟ ਹੈ। —ਸੰਪਾਦਕ



www.AKJ.Org

ਭਰਮਾਂ, ਫੋਕਟ ਕਰਮਾਂ ਨੂੰ ਇਨਸਾਨੀ ਜੀਵਨ ਵਿਚੋਂ ਕਢਣ ਲਈ ਇਨਕਲਾਬੀ ਕਦਮ ਚੁਕੇ। ਆਪਣੇ ਵਿਚਾਰਾਂ ਦੇ ਵਿਖਿਆਨ ਅਤੇ ਪਿਆਰ-ਸੰਦੇਸ਼ ਤੇ ਸਚੇ ਨਾਮ ਦਾ ਉਪਦੇਸ਼ ਦੇਣ ਲਈ ੨੧ ਸਾਲ ਦੇ ਨਿਰੰਤਰ ਭਰਮਣ ਦੁਆਰਾ ਉਹ ਵੱਖ ਵੱਖ ਧਰਮਾਂ ਦੇ ਤੀਰਥਾਂ ਉਤੇ ਗਏ, ਵੱਡੇ ਵੱਡੇ ਰਿਸ਼ੀਆਂ ਮੁਨੀਆਂ ਨਾਲ ਵਿਚਾਰਾਂ ਕਰ ਕੇ ਉਹਨਾਂ ਨੂੰ ਆਪਣੇ ਅਕੀਦੇ ਨਾਲ ਜੋੜਿਆ। ਦੇਸ਼ ਦਿਸ਼ਾਂਤਰਾਂ ਵਿਚ ਹਜ਼ਾਰਾਂ ਮੀਲਾਂ ਦਾ ਸਫ਼ਰ ਕਰ ਕੇ ਮਨੁਖ ਮਾਤਰ ਨੂੰ ਸਮਝਾਇਆ ਕਿ ਇਹ ਸੰਸਾਰ ਸਚੇ ਪਿਤਾ ਦੀ ਧਰਮਸ਼ਾਲਾ ਹੈ, ਇਸ ਵਿਚ ਤੁਹਾਨੂੰ ਕਰਮ ਯੋਗੀ ਵਾਂਗ ਵਿਚਰਨ ਲਈ ਭੇਜਿਆ ਗਿਆ ਹੈ, ਇਸ ਲਈ ਆਪਣਾ ਕਰਤਵ ਪਛਾਣੋ, ਆਪਣਾ ਮੂਲ ਪਛਾਣੋ ਤੇ ਆਪਣੇ ਸਰੋਤ ਨਾਲ ਅਭੇਦ ਹੋਣ ਲਈ ਨੇਕ ਕਿਰਤ ਕਰਦੇ ਹੋਏ ਸੇਵਾ ਤੇ ਸਿਮਰਨ ਦਾ ਲੜ ਫੜੋ। ਸੁਚੇ ਮੋਤੀਆਂ ਰੂਪੀ ਆਪਣੇ ਅਨਮੋਲ ਬਚਨਾਂ ਨੂੰ ਆਮ ਫ਼ਹਿਮ ਭਾਸ਼ਾ ਵਿਚ ਲੋਕਾਂ ਵਿਚ ਪਰਚਾਰਨ ਹਿਤ ਆਪਣੇ ਨਾਲ ਦੋ* ਪ੍ਰੇਮੀ ਭਾਈ ਮਰਦਾਨਾ ਅਤੇ ਭਾਈ ਬਾਲਾ ਰਖੇ, ਜਿਹੜੇ ਗੁਰੂ ਜੀ ਦੇ ਸੰਗ ਰਾਗਾਂ ਵਿਚ ਗਾ ਕੇ ਧੁਰ ਕੀ ਬਾਣੀ ਦਾ ਸੰਦੇਸ਼ ਤਪਦੀ ਲੁਕਾਈ ਨੂੰ ਦੇਂਦੇ ਰਹੇ ਤੇ ਕਈ ਦਹਾਕੇ ਗੁਰੂ ਸਾਹਿਬ ਦੇ ਅਨਿੰਨ ਭਗਤ ਤੇ ਸੰਗੀ ਸਾਥੀ ਰਹੇ।

ਗੁਰੂ ਸਾਹਿਬ ਦੇ ਉਪਦੇਸ਼ ਕਿਉਂਕਿ ਇਕ ਫ਼ਿਰਕੇ ਲਈ ਨਹੀਂ ਸਨ, ਇਸ ਲਈ ਉਹ ਜੇ ਹਿੰਦੂਆਂ ਦੇ ਗੁਰੂ ਸਨ ਤਾਂ ਮੁਸਲਮਾਨਾਂ ਦੇ ਪੀਰ। ਉਹਨਾਂ ਪ੍ਰਤੀ ਦੋਹਾਂ ਅਕੀਦਿਆਂ ਦੇ ਉਪਾਸ਼ਕਾਂ ਦੇ ਸਨੇਹ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਹੁੰਦਾ ਹੈ ਕਿ ਉਹਨਾਂ ਦੇ ਜੋਤੀ ਜੋਤਿ ਸਮਾਉਣ ਤੇ ਉਨ੍ਹਾਂ ਦੇ ਪਾਰਥਕ ਸਰੀਰ ਨੂੰ ਆਪਣੇ ਆਪਣੇ ਢੰਗਾਂ ਅਨੁਸਾਰ ਅੰਤਮ ਸੰਸਕਾਰ ਕਰਨ ਲਈ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਝਗੜਾ ਖੜਾ ਹੋ ਗਿਆ। ਉਕਤ ਤਥਾਂ ਦੀ ਰੋਸ਼ਨੀ ਵਿਚ ਗੁਰੂ ਸਾਹਿਬ ਨੂੰ ਕਿਸੇ ਇਕ ਫਿਰਕੇ ਨਾਲ ਜੋੜਨਾ ਉਨ੍ਹਾਂ ਦੀ ਮਾਨਵਤਾ ਨੂੰ ਅਜ਼ੀਮ ਦੇਣ ਨੂੰ ਛੋਟਾ ਕਰਨਾ ਹੈ। ਉਹ ਸਰਬਮਾਨਵਤਾ ਦੇ ਗੁਰੂ ਹਨ। ਇਨਸਾਨੀ ਨਸਲ ਦੇ ਗੁਰੂ ਹਨ। ਸ੍ਰੀ ਟੀ. ਐਲ. ਵਸਵਾਨੀ ਦੇ ਕਥਨ ਵਿਚ ਉਹ 'ਜਨ ਸਮੂਹ ਦੇ ਪੈਗ਼ੰਬਰ ਹਨ' ਜਿਹੜੇ ੧੪੬੯ ਈ: ਨੂੰ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਦੇ ਕਸਬਾ ਰਾਏ ਭੋਏ ਦੀ ਤਲਵੰਡੀ (ਜਿਸ ਨੂੰ ਹੁਣ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ) ਵਿਖੇ ਮਾਤਾ ਤ੍ਰਿਪਤਾ ਤੇ ਪਿਤਾ ਮਹਿਤਾ ਕਾਲੂ ਦੇ ਘਰ ਪੈਦਾ ਹੋਏ ਅਤੇ ਗ੍ਰਿਹਸਤੀ ਜੀਵਨ ਬਤੀਤ ਕਰਦਿਆਂ ਰੱਬ ਦੇ ਨੂਰ ਦੀਆਂ ਸਿਫਤਾਂ ਕਰਦੇ ਕਰਦੇ ਕਰਤਾਰਪੁਰ ਵਿਖੇ ੧੫੩੯ ਈ: ਨੂੰ ਜੋਤੀ ਜੋਤਿ ਸਮਾਏ ਅਤੇ ਇਸ ਤੋਂ ਪਹਿਲਾਂ ਆਪਣੇ ਸੇਵਕ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇ ਕੇ ਉਹਨਾਂ ਨੂੰ ਗੁਰੂ ਅੰਗਦ ਦੇਵ ਜੀ ਵਜੋਂ ਉਸ ਤੇ ਬਿਰਾਜਮਾਨ ਕਰ ਗਏ। ਭੱਟ ਬਲਵੰਡ ਆਪਣੀ ਰਾਮਕਲੀ ਦੀ ਵਾਰ ਵਿਚ ਤੇ ਭਟ ਕਲ੍ਯ ਸਹਾਰ ਗੁਰੂ ਨਾਨਕ ਦੇਵ ਜੀ ਪ੍ਰਤੀ ਲਿਖੇ ਆਪਣੇ ਸਵਈਆਂ ਵਿਚ ਉਹਨਾਂ ਦੀ ਉਸਤਤ ਵਿਚ ਬਹੁਤ ਕੁੱਝ ਲਿਖਦਿਆਂ ਹੋਇਆਂ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਸੰਸਾਰੀ ਤੇ ਰੂਹਾਨੀ ਦੋਹਾਂ ਹੀ ਪਾਤਸ਼ਾਹੀਆਂ ਦਾ ਅਨੰਦ ਮਾਣਨ ਵਾਲੀ ਪਰਮ ਜੋਤ ਹਨ ਅਤੇ ਉਹਨਾਂ ਦੀ ਹਸਤੀ ਪ੍ਰਭੂ ਦੇ ਆਬਿ-ਹਯਾਤ ਨਾਲ ਪਰੀਪੂਰਨ ਹੈ।

ਸੰਖੇਪ ਇਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸੰਸਾਰ-ਆਗਮਨ ਨਾਲ ਮਾਨਵਤਾ ਨੂੰ ਚੰਗੇਰੇ ਜੀਵਨ ਦੀ ਜਾਚ ਮਿਲੀ, ਕਿਉਂਕਿ ਇਨਸਾਨੀ ਜ਼ਿੰਦਗੀ ਦੇ ਹਰ ਖੇਤਰ ਨੂੰ ਉਹਨਾਂ ਨੇ ਆਪਣੀ ਅਦੁਤੀ ਸੋਚ, ਅਮਲੀ ਸਿਖਿਆ, ਲਾਹੇਵੰਦੇ ਉਪਦੇਸ਼ਾਂ ਤੇ ਰੂਹਾਨੀ ਅਮੀਰੀ ਨਾਲ ਮਾਲਾ ਮਾਲ ਕਰ ਦਿੱਤਾ। ਇਹੀ ਕਾਰਨ ਹੈ ਕਿ ਉਹਨਾਂ ਦੇ ਪਵਿਤਰ ਬਚਨ ਮਜ਼੍ਹਬਾਂ ਤੇ ਮਿਲਤਾਂ ਦੇ ਹਦ-ਬੰਨੇ ਉਲਾਂਘ ਕੇ ਮਨੁੱਖ ਮਾਤਰ ਦੀ ਧੁਰ ਆਤਮਾ ਤੇ ਅਸਰ-ਪਜ਼ੀਰ ਹੋਣ ਲੱਗ ਪਏ।

ਅਜੀਤ, ੧੧-੯-੮੭

---

*ਭਾਈ ਗੁਰਦਾਸ ਜੀ ਨੇ ਇਕੋ ਪ੍ਰੇਮੀ ਭਾਈ ਮਰਦਾਨਾ ਜੀ ਦਾ ਜ਼ਿਕਰ ਕੀਤਾ ਹੈ—

ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ॥
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ ॥੩੫॥ (ਵਾਰ ੧)

—ਸੰਪਾਦਕ



www.AKJ.Org

# ਨ ਕੋਈ ਹਿੰਦੂ ਨ ਮੁਸਲਮਾਨ

[ਸ. ਨਰੈਣ ਸਿੰਘ ਜੀ ਐਮ. ਏ., ਸਕੱਤਰ, ਸ੍ਰੀ ਗੁਰੂ ਨਾਨਕ ਮਿਸ਼ਨ, ਪਟਿਆਲਾ]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਵਾਹਿਗੁਰੂ ਬਾਰੇ ਜੋ ਸੰਕਲਪ (Concept) ਸੰਸਾਰ ਨੂੰ ਦਿਤਾ ਅਤੇ ਉਸ ਦੇ ਜਿਨ੍ਹਾਂ ਗੁਣ-ਸਿਫ਼ਤਾਂ (qualities) ਦਾ ਵਰਨਣ ਬਾਣੀ ਦੇ ਸ਼ੁਰੂ ਵਿਚ ਹੀ ਕੀਤਾ ਹੈ, ਉਨ੍ਹਾਂ ਵਿਚ ਉਸ ਦਾ 'ਨਿਰਭਉ' ਤੇ 'ਨਿਰਵੈਰੁ' ਹੋਣਾ ਦਸਿਆ ਹੈ।

ਗੁਰੂ ਬਾਣੀ ਅੰਦਰ ਇਉਂ ਭੀ ਦਸਿਆ ਹੈ, 'ਘਟ ਘਟ ਮਹਿ ਹਰਿ ਜੂ ਬਸੈ' ਅਤੇ 'ਘਟਿ ਘਟਿ ਜੋਤਿ ਸਮਾਨੀ' ਅਰਥਾਤ ਹਰ ਸਰੀਰ ਅਤੇ ਹਿਰਦੇ ਅੰਦਰ ਉਸ ਦਾ ਹੀ ਪ੍ਰਕਾਸ਼ ਤਥਾ ਉਸ ਦੀ ਜੋਤਿ ਸਮਾਈ ਹੋਈ ਹੈ। ਤਾਂ ਫਿਰ ਇਹ ਜੋਤਿ ਭੀ ਆਪਣੇ ਅਸਲੇ ਵਲ ਨਿਰਭਉ ਅਤੇ ਨਿਰਵੈਰ ਹੋਣ ਦੇ ਗੁਣ ਰੱਖਦੀ ਹੋਵੇਗੀ, ਅਥਵਾ, ਆਪਣੇ ਅਸਲੇ ਵਾਂਗੂ (basically) ਇਸ ਦਾ ਵੀ ਡਰ ਅਤੇ ਵੈਰ ਰਹਿਤ ਹੋਣਾ ਜ਼ਰੂਰੀ ਹੈ। ਅਗਰ ਇਸ ਦੇ ਅੰਦਰ ਡਰ ਤੇ ਵੈਰ ਦੀਆਂ ਭਾਵਨਾਵਾਂ ਹਨ ਤਾਂ ਇਸ ਦੇ ਅੰਦਰਲੀ ਜੋਤਿ ਆਪਣੇ ਅਸਲੇ ਦੀ ਤਰ੍ਹਾਂ ਨਿਰਮਲ ਨਹੀਂ ਰਹੀ, ਬਲਕਿ ਦਵੈਤ ਭਾਵ ਕਬੂਲ ਕਰ ਚੁਕੀ ਹੈ—

ਦੁਬਿਧਾ ਬਉਰੀ ਮਨੁ ਬਉਰਾਇਆ ॥ ੧ ॥ (ਪੰਨਾ ੧੩੪੨)

ਅਰਥਾਤ, ਕਮਲਾ ਮਨ, ਜੋ ਆਪਣੇ ਅਸਲੇ ਵਿਚ 'ਜੋਤਿ ਸਰੂਪ' (ਮਨ ਤੂੰ ਜੋਤਿ ਸਰੂਪ ਹੈ') ਸੀ, ਬਾਰੇ ਪੈਦਾ ਹੋਈ ਦਵੈਤ (ਦੁਚਿੱਤੀ) ਨੇ ਇਸ ਨੂੰ ਬਉਰਾ (ਕਮਲਾ) ਕਰ ਦਿਤਾ ਹੈ। ਇਸ ਨੂੰ ਆਪਣੇ ਜੋਤਿ ਸਰੂਪ ਹੋਣ ਦੀ ਵਡਿਆਈ ਬਾਰੇ ਸ਼ੰਕਾ ਹੋ ਗਿਆ—ਇਹ ਭੁੱਲ ਗਿਆ ਹੈ ਕਿ ਇਹ ਤਾਂ ਨਿਰੰਕਾਰ ਦੀ ਹੀ ਅੰਸ਼-ਜੁਜ਼ (part) ਸੀ, ਜਿਸ ਕਰਕੇ ਇਹ ਸੰਸਾਰ ਤੇ ਆਉਣ ਸਮੇਂ ਆਪਣੇ ਅਸਲੇ ਵਾਂਗ ਹੀ ਨਿਡਰ ਤੇ ਨਿਰਵੈਰ ਸੀ, ਪਰ ਇਸ ਨੇ ਆਪਣੇ ਆਪ ਨੂੰ ਉਸ ਅਸਲੇ (ਨਿਰੰਕਾਰ) ਤੋਂ ਵਖਰਾ ਸਮਝ ਲਿਆ "ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ" (੯੨੧), ਅਤੇ ਨਿਜੀ ਹਉ (ਮੈਂ-ਮੇਰੀ) ਦੇ ਅਸਰ ਅਧੀਨ ਅਸਲੇ ਨੂੰ ਭੁਲ ਕੇ ਇਹ ਉਸ ਨਾਲ ਸ਼ਰੀਕਾ ਕਰਨ ਲਗ ਗਿਆ। ਇਹ ਕਹਿੰਦਾ ਹੈ ਮੇਰੇ ਸਮਾਨ ਕੋਈ ਹੈ ਨਹੀਂ—

ਹਉ ਮਾਰਉ ਹਉ ਬੰਧਉ ਛੋਡਉ......॥੨॥ (ਪੰਨਾ ੩੮੦)

ਫਿਰ ਇਸ ਜਿਹੇ ਹੋਰ ਅਨੇਕਾਂ, ਜੋ ਸਾਰੇ ਹੀ ਇਸ ਦੇ ਵਾਂਙ ਹੀ ਸੋਚਦੇ ਤੇ ਫਿਰ ਕਹਿੰਦੇ ਹਨ 'ਕੋ ਨਾਹੀ ਮੁਝੈ ਸਮਾਨ' ਦੀ ਹਉ ਵੀ ਬਿਫਲਦੀ ਹੈ। ਹਰ ਕੋਈ ਆਪਣੇ ਆਪ ਨੂੰ ਦੂਜਿਆਂ ਤੋਂ ਬਲਵਾਨ, ਸਿਆਣਾ ਅਤੇ ਚੰਗਾ ਜਾਨਣ ਦੀ ਪਕੜ ਅਧੀਨ ਉਨ੍ਹਾਂ ਵਲੋਂ ਅੱਖਾਂ ਫੇਰਦਾ ਹੈ। ਦੂਜਿਆਂ ਨੂੰ ਆਪ ਤੋਂ ਹੀਣਾ ਜਾਨਣ ਦੀ ਬਾਣ ਅੰਦਰ ਗ੍ਰਸਤ ਇਸ ਨੂੰ ਉਨ੍ਹਾਂ ਵੱਲ ਨਫ਼ਰਤ ਜਿਹੀ ਹੋ ਜਾਂਦੀ ਹੈ ਤੇ ਇਉਂ ਹਰ ਕੋਈ ਆਪਣੇ ਗਵਾਂਢੀ ਨੂੰ 'ਦੂਜਾ' ਜਾਨਣਾ ਸ਼ੁਰੂ ਕਰਦਾ ਹੈ—ਇਹ ਭਾਂਵਨਾ ਕਿ ਦੂਜਾ ਹੋਰ ਹੈ, ਮੈਂ ਹੋਰ ਹਾਂ, ਸਾਰੇ ਪਸਰ ਜਾਂਦੀ ਹੈ—ਉਹ ਸ਼ੂਦਰ ਹੈ, ਜੱਟ ਹੈ, ਮਜ਼ਹਬੀ ਹੈ, ਮੈਂ ਉੱਚੀ ਕੁਲ ਦਾ ਬ੍ਰਾਹਮਣ ਹਾਂ, ਖਤਰੀ ਹਾਂ, ਉਹ ਕੰਗਾਲ ਹੈ, ਗਰੀਬ ਹੈ, ਮੈਂ ਸਰਦਾਰ ਹਾਂ, ਸੇਠ ਹਾਂ, ਉਹ ਮੁਸਲਮਾਨ ਹੈ, ਸਿਖ ਹੈ, ਮੈਂ ਹਿੰਦੂ ਹਾਂ, ਉਹ ਗੁਜਰਾਤੀ ਹੈ, ਮਰਹੱਟਾ ਹੈ, ਬੰਗਾਲੀ ਹੈ, ਮੈਂ ਪੰਜਾਬੀ ਹਾਂ, ਉਹ ਏਸ਼ੀਆਈ ਹੈ, ਮੈਂ ਯੂਰਪੀ ਹਾਂ, ਆਦਿ। ਇਉਂ ਹਰ ਕਿਸੇ ਨੇ ਆਪੋ ਆਪਣਾ ਵਖਰਾ ਲੇਬਲ ਲਾ ਲਿਆ ਹੈ ਅਤੇ ਹਰ ਕੋਈ ਆਪਣੇ ਲਾਏ ਲੇਬਲ ਨੂੰ ਹੀ ਸਭ ਤੋਂ ਵਧੀਆ ਤੇ ਸ੍ਰੇਸ਼ਟ ਸਮਝਦਾ ਹੈ। ਅਜਿਹੀ ਸੋਚਣੀ ਹੀ ਸਾਰੇ ਵੈਰਾਂ ਵਿਰੋਧਾਂ ਦਾ ਕਾਰਨ ਬਣਦੀ ਹੈ। ਫਿਰ ਜਿਥੇ ਆਪਸੀ ਵਿਰੋਧ ਹੈ, ਉਥੇ ਵਿਰੋਧੀ ਦਾ ਭੈ ਹੋਣਾ ਅਵੱਸ਼ ਹੈ। ਇਉਂ ਮਨੁਖ ਜੋ ਆਪਣੇ ਅਸਲੇ ਵਿਚ ਨਿਰਭਉ ਤੇ ਨਿਰਵੈਰ ਸੀ, ਉਸ ਅਸਲੇ ਤੋਂ ਲਾਂਭੇ ਜਾ ਕੇ ਭਾਂਤ ਭਾਂਤ ਦੇ ਡਰਾਂ ਅਤੇ ਵੈਰ-ਵਿਰੋਧਾਂ ਦਾ ਸ਼ਿਕਾਰ ਹੋ ਗਿਆ ਹੈ ਅਤੇ ਇਨ੍ਹਾਂ ਦੇ ਕਾਰਨ ਹੀ ਇਸ 'ਭੂਮ ਰੰਗਾਂਵਲੀ' ਨੂੰ, ਜੋ ਵਾਸਤਵ ਵਿਚ ਅਨੰਦ-ਮਈ ਸਥਾਨ ਸੀ, ਇਸ ਨੇ ਦੁਖਾਂ ਦਾ ਘਰ ਬਣਾ ਲਿਆ ਹੈ।



www.AKJ.Org

ਗੱਲ ਤਾਂ ਮਾਮੂਲੀ ਸੀ, ਜੇ ਇਹ ਹੋਰ ਸਾਰੇ ਮਨੁਖਾਂ ਨੂੰ ਆਪਣੇ ਜਿਹਾ ਹੀ ਮਨੁਖ ਅਤੇ ਉਸੇ ਰੱਬ ਦਾ ਨੰਨ੍ਹਾ ਜਿਹਾ ਸਰੂਪ ਸਮਝਦਾ ਅਤੇ ਉਨ੍ਹਾਂ ਨਾਲ ਓਹੀ ਭਾਵਨਾ ਰਖਦਾ ਜੋ ਇਕ ਪਿਉ ਦੇ ਪੁਤਰਾਂ ਦੀ ਆਪੋ ਵਿਚ ਹੁੰਦੀ ਹੈ, ਤਾਂ ਇਸ ਨੂੰ ਕੋਈ ਬਿਗਾਨਾ ਨ ਦਿਸਦਾ, ਨ ਇਹ ਕਿਸੇ ਨੂੰ ਓਪਰਾ ਲਗਦਾ । ਸੰਸਾਰ ਤਾਂ ਮੂੰਹ ਵੇਖਣ ਵਾਲੇ ਸ਼ੀਸ਼ੇ ਦੀ ਨਿਆਈਂ ਹੈ, ਜਿਹੋ ਜਿਹੇ ਅਸੀਂ ਹਾਂ ਓਹੋ ਜਿਹਾ ਸਾਨੂੰ ਸੰਸਾਰ ਦਿਸਦਾ ਹੈ । ਜੇ ਅਸੀਂ ਮੰਦੇ ਹਾਂ ਤਾਂ ਸਾਨੂੰ ਹਰ ਕੋਈ ਮੰਦਾ ਦਿਸਦਾ ਹੈ–

ਜਿਉ ਮਨੁ ਦੇਖਹਿ ਪਰ ਮਨੁ ਤੈਸਾ ॥ ੩ ॥ (ਪੰਨਾ ੧੪੪੨)

ਸਾਡੇ ਅੰਦਰ ਦਾ ਦਵੈਤ ਭਾਵ ਸਾਨੂੰ ਸੰਸਾਰ ਭਰ ਅੰਦਰ ਪਸਰਿਆ ਦਿਸੇਗਾ । ਮੁਸਲਮਾਨ ਦੇ ਅੰਦਰ ਸਮਾਈ ਦਵੈਤ ਉਸ ਨੂੰ ਮਜਬੂਰ ਕਰਦੀ ਸੀ ਕਿ ਉਹ ਹਰ ਹਿੰਦੂ ਨੂੰ ਕਾਫ਼ਰ ਕਹੇ । ਇਉਂ ਹੀ ਹਿੰਦੂ ਦੇ ਹਿੰਦੂ-ਪੁਣੇ ਕਰਕੇ ਉਸ ਲਈ ਹਰ ਮੁਸਲਮਾਨ ਮਲੇਛ ਬਣ ਜਾਂਦਾ ਹੈ ਅਤੇ ਦੋਨਾਂ ਅੰਦਰ ਇਕ ਦੂਜੇ ਲਈ ਨਫ਼ਰਤ ਪੈਦਾ ਹੋ ਜਾਂਦੀ ਹੈ, ਅਤੇ ਇਕ ਨੂੰ ਦੂਜਾ ਬਿਗਾਨਾ ਦਿਸਦਾ ਹੈ । ਜੇ ਮੈਨੂੰ ਕੋਈ ਓਪਰਾ ਦਿਸਦਾ ਹੈ ਤਾਂ ਮੈਂ ਭੀ ਉਸ ਨੂੰ ਓਪਰਾ ਦਿਸਾਂਗਾ । ਮੇਰੇ ਅੰਦਰ ਇਹ ਦੂਜੈਗੀ ਨ ਆਉਂਦੀ ਅਤੇ ਮੈਂ ਦੂਜੇ ਨੂੰ ਆਪਣੇ ਜਿਹਾ ਹੀ ਇਨਸਾਨ ਸਮਝਦਾ ਤਾਂ ਉਹ ਭੀ ਮੈਨੂੰ ਮੁਸਲਮਾਨ ਜਾਂ ਹਿੰਦੂ ਜਾਨਣ ਦੀ ਬਜਾਏ ਇਕ ਇਨਸਾਨ ਜਾਣਦਾ ਅਤੇ ਦੋਵੇਂ ਇਨਸਾਨ ਹੋਣ ਦੇ ਨਾਤੇ ਇਕ ਦੂਜੇ ਦੇ ਨੇੜੇ ਹੁੰਦੇ ਅਤੇ ਸਾਡਾ ਆਪੋ ਵਿਚ ਪਿਆਰ ਹੁੰਦਾ ।

ਇਹੋ ਗੱਲ ਸੀ ਜਿਸ ਨੂੰ ਲੋਕਾਂ ਪ੍ਰਤੀ ਨਿਸਚੇ ਕਰਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਦੇ ਕੰਢੇ ਇਹ ਨਾਹਰਾ (siogan) ਲਾਇਆ, "ਨ ਕੋਈ ਹਿੰਦੂ ਨ ਮੁਸਲਮਾਨ–ਨ ਕੋਈ ਹਿੰਦੂ ਨ ਮੁਸਲਮਾਨ" । ਜਿਸ ਸਮਾਜ ਅੰਦਰ ਹਰ ਕੋਈ ਮੁਸਲਮਾਨ ਸੀ ਜਾਂ ਹਿੰਦੂ ਸੀ, ਉਸ ਸਮਾਜ ਦੇ ਹਰ ਬੰਦੇ ਨੂੰ ਗੁਰੂ ਨਾਨਕ ਦਾ ਇਹ ਨਾਹਰਾ ਨਿਰਾ ਅਲੌਕਿਕ ਹੀ ਨਹੀਂ ਸੀ ਲਗਦਾ, ਸਗੋਂ ਚੁਭਦਾ ਸੀ । ਮੁਸਲਮਾਨ ਕਹਿੰਦੇ ਸਨ, "ਅਸੀਂ ਪੰਜ ਨਿਮਾਜ਼ਾਂ ਪੜ੍ਹਦੇ ਹਾਂ, ਰੋਜ਼ੇ ਰਖਦੇ ਹਾਂ, ਹਜ ਜਾਂਦੇ ਹਾਂ, ਅਸੀਂ ਕਿਵੇਂ ਮੁਸਲਮਾਨ ਨਹੀਂ ?" ਹਿੰਦੂ ਕਹਿੰਦੇ ਸਨ, "ਅਸੀਂ ਤੀਰਥੀਂ ਇਸ਼ਨਾਨ ਕਰਦੇ, ਮੰਦਰ ਜਾਂਦੇ, ਤਿਲਕ ਲਾਉਂਦੇ ਹਾਂ, ਸਾਨੂੰ ਕਿਵੇਂ ਇਹ ਕਹਿ ਸਕਦਾ ਹੈ ਕਿ ਅਸੀਂ ਹਿੰਦੂ ਨਹੀਂ ?" ਗੁਰੂ ਨਾਨਕ ਦੁਆਲੇ ਮੁਲਖਈਆ ਇਕੱਠਾ ਹੋ ਗਿਆ ਅਤੇ ਹਰ ਕੋਈ ਆਪੋ ਆਪਣਾ ਰਾਗ ਅਲਾਪਣ ਲਗਾ–ਕੋਈ ਕਹੇ, 'ਨਾਨਕ ਬਉਰ੍ਹਾ ਹੋ ਗਿਆ ਹੈ' । ਕੋਈ ਕਹੇ, 'ਹੋਸ਼ ਟਿਕਾਣੇ ਨਹੀਂ ਸੂ' । ਕਈਆਂ ਕੌੜਾ ਫਿਕਾ ਬੋਲਣਾ ਵੀ ਸ਼ੁਰੂ ਕਰ ਦਿਤਾ । ਦੋ ਚਾਰ ਵਡੇਰਿਆਂ ਤੇ ਸਿਆਣਿਆਂ ਬੰਦਿਆਂ ਅਗੇ ਹੋ ਗੁਰੂ ਨਾਨਕ ਪ੍ਰਤੀ ਕਿਹਾ, "ਨਾਨਕ, ਤੂੰ ਕਿਉਂ ਕਹਿੰਦਾ ਹੈ, ਨ ਕੋਈ ਹਿੰਦੂ ਨ ਮੁਸਲਮਾਨ ? ਜੇ ਅਸੀਂ ਹਿੰਦੂ ਨਹੀਂ ਜਾਂ ਮੁਸਲਮਾਨ ਨਹੀਂ ਤਾਂ ਅਸੀਂ ਕੌਣ ਹਾਂ ?" ਗੁਰੂ ਨਾਨਕ ਨੇ ਕਿਹਾ, "ਤੁਸੀਂ ਇਨਸਾਨ ਹੋ––ਰੱਬ ਨੇ ਤੁਹਾਨੂੰ ਸਾਰਿਆਂ ਨੂੰ ਇਕੋ ਜਿਹੇ ਸਰੀਰ, ਮੂੰਹ, ਅਖੀਂ, ਨੱਕ, ਕੰਨ, ਹੱਥ, ਪੈਰ ਦਿਤੇ ਹਨ, ਇਕੋ ਤਰ੍ਹਾਂ ਤੁਸਾਂ ਖਾਂਦੇ ਪੀਂਦੇ, ਤੁਰਦੇ ਫਿਰਦੇ, ਸੌਂਦੇ ਬਹਿੰਦੇ, ਬੋਲਦੇ ਕਰਦੇ ਹੋ; ਇਕੋ ਤਰ੍ਹਾਂ ਤੁਸਾਡੀ ਪੈਦਾਇਸ਼ ਹੋਈ ਹੈ, ਇਕੋ ਤਰ੍ਹਾਂ ਸਾਰਿਆਂ ਨੇ ਸੰਸਾਰ ਤੋਂ ਚਲੇ ਜਾਣਾ ਹੈ; ਮੌਤ ਨੇ ਤੁਹਾਡਾ ਕਿਸੇ ਦਾ ਲਿਹਾਜ਼ ਨਹੀਂ ਕਰਨਾ; ਨਾ ਤੁਹਾਡੀ ਮੁਸਲਮਾਨੀ ਨੇ ਤੁਹਾਨੂੰ ਮੌਤ ਦੇ ਮੂੰਹੋਂ ਛੁਡਾਉਣਾ ਹੈ ਅਤੇ ਨ ਤੁਹਾਡੇ ਹਿੰਦੂ-ਪੁਣੇ ਨੇ; ਤਦੋਂ ਨ ਕੋਈ ਹਿੰਦੂ ਰਹੇਗਾ, ਨ ਮੁਸਲਮਾਨ; ਨ ਹਿੰਦੂ ਮੁਸਲਮਾਨ ਹੋਣ ਦੇ ਨਾਤੇ ਤੁਹਾਨੂੰ ਕੋਈ ਯਾਦ ਕਰੇਗਾ, ਤੁਸੀਂ ਯਾਦ ਕੀਤੇ ਜਾਉਗੇ ਆਪੋ ਆਪਣੀ ਕਰਤੂਤ ਪਿਛੇ, ਆਪੋ ਆਪਣੀ ਇਨਸਾਨੀਅਤ ਪਿਛੇ । **ਫਿਰ ਕਿਉਂ ਨ ਤੁਸੀਂ ਇਨਸਾਨ ਬਣੋ ?** ਤੁਹਾਡੀਆਂ ਸ਼ਰਹ ਸ਼ਰੀਅਤਾਂ, ਤੁਹਾਡੇ ਵਰਤ ਨੇਮ, ਕਿਸੇ ਨੇ ਵੀ ਸਾਥ ਨਹੀਂ ਦੇਣਾ । ਤੁਹਾਡੇ ਨਾਲ ਨਿਭਣਾ ਹੈ ਕੇਵਲ ਤੁਹਾਡੀ ਇਨਸਾਨੀਅਤ ਨੇ । ਇਹ ਹਿੰਦੂ ਮੁਸਲਮਾਨ ਹੋਣ ਦੇ ਮਹਿਜ਼ ਲੇਬਲ ਹਨ, ਜੋ ਵੇਖੋ ਵੇਖੀ ਤੁਸੀਂ ਲਾ ਰਖੇ ਹੋਏ ਹਨ । ਲਾਹ ਦਿਓ ਇਹ ਵਿਖਾਵੇ ਦੇ ਲੇਬਲ ਅਤੇ ਬਣ ਜਾਉ ਸਚੇ ਸੁੱਚੇ ਇਨਸਾਨ; ਬਲਕਿ ਹਰ ਦੂਜੇ ਆਦਮੀ ਨੂੰ ਆਪਣੇ ਆਪ ਤੋਂ ਚੰਗਾ ਇਨਸਾਨ ਜਾਣ ਕੇ ਉਸ ਦੀ ਕਦਰ ਕਰੋ, ਉਸ ਨਾਲ ਪਿਆਰ ਕਰੋ, ਫਿਰ ਰੱਬ ਤੁਹਾਡੇ ਨਾਲ ਪਿਆਰ ਕਰੇਗਾ । ਤੁਹਾਡੇ ਦਿਲਾਂ ਅੰਦਰ ਇਹ ਗੱਲ ਹਮੇਸ਼ਾ ਸਮਾਈ ਰਹੇ–



www.AKJ.Org

ਹਮ ਨਹੀ ਚੰਗੇ ਬੁਰਾ ਨਹੀ ਕੋਇ ॥੪॥ (ਸੂਹੀ ਮਹਲਾ ੧, ਪੰਨਾ ੭੨੮)

ਤਾਂ ਹੀ ਤੁਸੀਂ ਰੱਬ ਨੂੰ ਚੰਗੇ ਲਗੋਗੇ ।

ਕਿਸੇ ਨੂੰ ਬੁਰਾ ਨ ਜਾਨਣਾ ਅਤੇ ਆਪਣੇ ਆਪ ਨੂੰ ਕਿਸੇ ਨਾਲੋਂ ਚੰਗਾ ਨ ਸਮਝਣਾ ਅਜਿਹਾ ਮਾਰਗ ਸੀ, ਜਿਸ ਤੇ ਤੁਰ ਕੇ ਗੁਰੂ ਨਾਨਕ ਨੇ 'ਮੱਕਾ ਮਦੀਨਾ ਸਭ ਨਿਵਾਇਆ' ਅਤੇ 'ਸਿਧ ਮੰਡਲੀ' ਭੀ ਜਿੱਤੀ । ਗੁਰੂ ਨਾਨਕ ਦੀ ਨਜ਼ਰ ਵਿਚ ਕੋਈ ਬੰਦਾ ਏਨਾ ਨੀਚ ਨਹੀਂ ਸੀ ਜਿਸ ਨੂੰ ਉਹ ਬੁਰਾ ਸਮਝਦੇ; ਉਹ ਕਹਿੰਦੇ ਸਨ ਨੀਵਿਆਂ ਤੋਂ ਨੀਵਾਂ ਜਾਣਿਆ ਜਾਂਦਾ ਮਨੁਖ ਵੀ ਉਨ੍ਹਾਂ ਦੇ ਸਤਿਕਾਰ ਦਾ ਪਾਤਰ ਸੀ, ਕਿਉਂਕਿ ਹਰ ਮਨੁਖ ਚੰਗਿਆਂ ਦੀ ਸੰਗਤ ਕਰਕੇ ਏਨਾ ਚੰਗਾ ਬਣ ਸਕਦਾ ਹੈ ਕਿ ਚੰਗੇ ਕਹੇ ਜਾਂਦੇ ਲੋਕ ਵੀ ਉਸ ਦੀ ਚਰਨ ਸ਼ਰਨ ਵਿਚ ਬੈਠਣ ਦੇ ਢੂੰਡਾਊ ਹੋ ਜਾਣ । ਕੋਈ ਬਹੁਤੀ ਪੁਰਾਣੀ ਗੱਲ ਨਹੀਂ ਜਦੋਂ ਮਾਸਟਰ ਕਰੀਮ ਬਖਸ਼ ਸੰਤ ਕਾਲਾ ਸਿੰਘ ਦੀ ਸੰਗਤ ਵਿਚ ਬੈਠ ਕੇ ਅੰਮ੍ਰਿਤ ਛਕ ਕੇ ਸਿੰਘ ਸਜਿਆ ਤਾਂ ਗੁਰਮੁਖੀ ਜੀਵਨ ਨੇ ਉਸ ਨੂੰ ਏਨੀ ਪਾਹ ਲਾਈ ਕਿ ਉਹ ਸੰਤ ਲਖਮੀਰ ਸਿੰਘ ਦੇ ਨਾਮ ਨਾਲ ਸਾਰੇ ਸਿਖ ਸੰਸਾਰ ਅੰਦਰ ਜਾਣਿਆ ਗਿਆ, ਜਿਸ ਦੀ ਚਰਣ ਸਰਣ ਵਿਚ ਬੈਠਣਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਜਿਹੇ ਸਜਣ ਨੇ ਵਡੇ ਗੌਰਵ ਵਾਲੀ ਗੱਲ ਸਮਝੀ । ਇਸੇ ਲਈ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਸੀ, 'ਕਿਸੇ ਨੂੰ ਨੀਚ ਜਾਣ ਕੇ ਉਸ ਤੋਂ ਨਫ਼ਰਤ ਨ ਕਰੋ, ਉਸ ਨਾਲ ਪਿਆਰ ਕਰੋ, ਉਸ ਨੂੰ ਆਪਣਾ ਜਾਣੋ—ਤੁਹਾਡੀ ਇਸ ਅਪਣੱਤ ਤੋਂ ਉਸ ਦੇ ਅੰਦਰ ਛੁਪੀ ਚੰਗਿਆਈ ਜਾਗੇਗੀ ।' ਇਸੇ ਪ੍ਰਥਾਏ ਹੀ ਗੁਰੂ ਜੀ ਨੇ ਕਿਹਾ ਸੀ—

ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥੪॥੩॥

ਸਿਰੀ ਰਾਗ ਮ: ੧, ਪੰਨਾ ੧੫

ਉਨ੍ਹਾਂ ਨਿਰਾ ਇਉਂ ਕਿਹਾ ਹੀ ਨਹੀਂ, ਬਲਕਿ ਮਲਕ ਭਾਗੋ ਦੇ ਮਹਿਲ ਮਾੜੀਆਂ ਛਡ, ਕਿੱਲੇ ਘੜਨ ਵਾਲੇ ਤਰਖਾਣ ਲਾਲੋ ਦੀ ਝੁਗੀ ਨੂੰ ਭਾਗ ਲਾਇਆ ਅਤੇ ਅਤਿ ਨੀਚ ਜਾਤ ਮੁਸਲਮਾਨ ਮਿਰਾਸੀ ਮਰਦਾਨੇ ਅਤੇ ਹਸੂ ਲੁਹਾਰ ਜਿਹਿਆਂ ਨੂੰ ਆਪਣੇ ਜੀਵਨ-ਸਾਥੀ ਬਣਾਇਆ । ਗੁਰੂ ਨਾਨਕ ਦੇਵ ਜੀ ਦੇ, ਕਹੀ ਜਾਂਦੀ ਉਚੀ ਕੁਲ ਬੇਦੀ ਖਤਰੀ ਦੇ ਜੰਮੇ ਜਾਇ ਹੋਣ ਦੇ ਬਾਵਜੂਦ ਅਜਿਹੀਆਂ ਅਤਿ ਨੀਵੀਆਂ ਜਾਤਾਂ ਦੇ ਬੰਦਿਆਂ ਨੂੰ ਆਪਣਾ ਜੀਵਨ-ਸਾਥੀ ਬਨਾਉਣਾ ਸਮੇਂ ਦੇ ਪ੍ਰਚੱਲਤ ਵਿਸ਼ਵਾਸ ਦੇ ਉਲਟ ਅਤੇ ਉਨ੍ਹਾਂ ਲਈ ਵਡਾ ਅਲੌਕਿਕ ਸੀ, ਜਿਸ ਕਰਕੇ ਲੋਕਾਂ ਉਨ੍ਹਾਂ ਨੂੰ ਕੁਰਾਹੀਆ, ਬੇਤਾਲਾ ਅਤੇ ਭੂਤਨਾ ਤਕ ਕਿਹਾ, ਪਰ ਆਪ ਦੇ ਮਥੇ ਵੱਟ ਨਹੀਂ ਪਿਆ, ਕਿਉਂਕਿ ਆਪ ਪਿਆਰ, ਮਿਠਾਸ ਤੇ ਗ਼ਰੀਬੀ (ਹਲੀਮੀ) ਦੇ ਮੁਜੱਸਮ ਸਨ, ਆਪ ਲਈ ਕੋਈ ਬਿਗਾਨਾ ਨਹੀਂ ਸੀ । ਜਦੋਂ ਕੁਰਖੇਤਰ ਦੇ ਸੂਰਜ-ਗ੍ਰਹਿਣ ਦੇ ਭਰੇ ਮੇਲੇ ਸਮੇਂ ਚੁਲ੍ਹਾ ਭਖਾਉਣ ਕਾਰਨ ਲੋਕ ਪੰਡਤ ਨਾਨੂੰ ਦੀ ਅਗਵਾਈ ਵਿਚ ਸੋਟੇ ਹੱਥਾਂ ਵਿਚ ਲਈ ਆਪ ਨੂੰ ਮਾਰਨ ਆਏ ਤਾਂ ਆਪ ਨੇ ਵੱਡੀ ਧੀਮੀ ਆਵਾਜ਼ੇ ਉਨ੍ਹਾਂ ਨੂੰ ਇਤਨਾ ਹੀ ਕਿਹਾ, 'ਭਾਈ ਗਿਆਨ ਮੇਂ ਬਾਤ ਕਰੋ ।' ਫਿਰ ਜਦੋਂ ਬਗ਼ਦਾਦ ਵਿਚ ਆਪ ਦੀ ਦਿਤੀ ਨਿਰਾਲੀ ਬਾਂਗ ਸੁਣ ਮੁਸਲਮਾਨ ਪੱਥਰ ਉਠਾਏ ਹੋਇ ਆਪ ਨੂੰ ਸੰਗਸਾਰ ਕਰਨ (ਪੱਥਰ ਮਾਰ ਮਾਰ ਕੇ ਖ਼ਤਮ ਕਰ ਦੇਣ) ਆਏ ਤਾਂ ਵੀ ਆਪ ਨੇ ਵਡੀ ਹਲੀਮੀ ਨਾਲ ਉਨ੍ਹਾਂ ਦੇ ਮੁਖੀ ਦਸਤਗੀਰ ਨੂੰ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਦਾ ਕਉਤਕ ਦਸ ਕੇ ਸ਼ਾਂਤ ਕੀਤਾ । ਜਨਮਸਾਖੀ-ਲੇਖਕਾਂ ਅਨੁਸਾਰ ਜਦੋਂ ਗੁਰੂ ਨਾਨਕ ਦੀ ਪਾਰਬ੍ਰਹਮ ਪਰਮੇਸ਼ਰ ਨਾਲ ਮੁਲਾਕਾਤ ਹੋਈ ਅਤੇ ਉਥੋਂ ਜੋ ਵਿਸ਼ੇਸ਼ ਦਾਤ ਆਪ ਨੂੰ ਮਿਲੀ, ਉਸ ਦਾ ਭਾਈ ਗੁਰਦਾਸ ਜੀ 'ਨਉਨਿਧਿ ਨਾਮੁ ਗਰੀਬੀ ਪਾਈ* ਸਬਦਾਂ ਦੁਆਰਾ ਜ਼ਿਕਰ ਕਰਦੇ ਹਨ, ਅਥਵਾ, ਪਾਰਬ੍ਰਹਮ ਪਰਮੇਸ਼ਰ ਵਲੋਂ ਗੁਰੂ ਨਾਨਕ ਨੂੰ 'ਨਾਮ' ਅਤੇ 'ਗਰੀਬੀ' (ਹਲੀਮੀ) ਦੋ ਬਖਸ਼ਸ਼ਾਂ ਹੋਈਆਂ ਸਨ, ਜੋ ਦਾਤਾਂ ਆਪ ਨੇ ਅਤੇ ਆਪ ਦੇ ਜਾ-ਨਸ਼ੀਨ (ਉਨ੍ਹਾਂ ਪਿਛੋਂ ਆਏ) ਨੌਂ ਗੁਰੂ ਸਾਹਿਬਾਨ ਨੇ ਮਨੁਖ ਮਾਤਰ ਵਿਚ ਵੰਡੀਆਂ । ਇਸੇ ਹਲੀਮੀ ਦੀ ਵਡਿਆਈ ਕਰਦੇ ਹੋਇ ਹੀ ਗੁਰੂ ਨਾਨਕ ਦੇਵ ਨੇ

* ਵਾਰ ੧, ਪਉੜੀ ੨੪



www.AKJ.Org

ਇਸ ਨੂੰ ਤਮਾਮ ਗੁਣਾਂ ਤੇ ਚੰਗਿਆਈਆਂ ਦਾ ਤੱਤ (ਨਿਚੋੜ) ਕਿਹਾ—

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ ॥ (ਪੰਨਾ ੪੭੦)

ਅਤੇ ਗੁਰੂ ਅਰਜਨ ਦੇਵ ਜੀ ਨੇ ਤਾਂ ਗਰੀਬੀ (ਹਲੀਮੀ) ਨੂੰ ਹੀ ਆਪਣੇ ਬਚਾਉ ਲਈ ਵਰਤੇ ਜਾਣ ਵਾਲਾ ਸ਼ਸਤਰ (Defence weapon) ਅਤੇ ਸਭ ਕਿਸੇ ਦੀ ਚਰਨ ਧੂੜ ਹੋ ਰਹਿਣ ਨੂੰ ਵੈਰੀ ਉਪਰ ਚਲਾਉਣ ਵਾਲਾ ਦੋਧਾਰਾ ਖੰਡਾ ਦਸਿਆ—ਸ਼ਸਤਰ ਵੀ ਐਸਾ ਜਿਸ ਮੂਹਰੇ ਕੋਈ ਦੁਸ਼ਟ ਦੋਖੀ ਖੜਾ ਨਾ ਰਹਿ ਸਕੇ :—

ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ (ਪੰਨਾ ੬੨੮)

ਆਪ ਨੇ ਕਿਹਾ ਕਿ ਦੋਧਾਰੇ ਸ਼ਸਤਰ ਦੀ ਏਨੀ ਵਡਿਆਈ ਹੈ ਕਿ ਇਸ ਨੇ ਨ-ਕੇਵਲ ਦੁਸ਼ਮਨ ਅੰਦਰੋਂ ਹੀ ਮੇਰੇ ਉਲਟ ਵੈਰ-ਭਾਵਨਾ ਮਿਟਾ ਦਿਤੀ ਹੈ, ਬਲਕਿ ਉਹ ਮੈਨੂੰ ਵੀ ਦੁਸ਼ਮਨ ਪ੍ਰਤੀਤ ਹੋਣੋਂ ਹਟ ਗਿਆ ਹੈ—

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥੨॥ (ਪੰਨਾ ੬੭੧)

ਅਤੇ— ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥੪॥੧੧੯॥ (ਪੰਨਾ ੪੦੦)

ਬਲਕਿ ਮੇਰੇ ਵੈਰੀ ਮੇਰੇ ਮਿੱਤਰ ਬਣ ਗਏ ਹਨ ਅਤੇ ਮੇਰੇ ਨਾਲ ਬੁਰਾ ਕਰਨਾ ਉਹ ਹੁਣ ਚਿਤਵਦੇ ਹੀ ਨਹੀਂ—

ਏਹ ਵੈਰੀ ਮਿਤ੍ਰ ਸਭ ਕੀਤਿਆ ਨਹ ਮੰਗਹਿ ਮੰਦਾ ॥੭॥ (ਪੰਨਾ ੧੦੯੬)

ਜਿਸ ਦਾ ਸਿੱਟਾ ਇਹ ਹੋਇਆ ਹੈ ਕਿ—

ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥੬॥ (ਪੰਨਾ ੬੭੧)

ਆਪਸੀ ਸੰਬੰਧਾਂ ਵਿਚ ਆਈ ਏਡੀ ਵਡੀ ਤਬਦੀਲੀ ਦਾ ਵਿਸ਼ਲੇਸ਼ਣ ਕਰਦੇ ਹੋਏ ਗੁਰੂ ਜੀ ਦਸਦੇ ਹਨ ਕਿ ਇਹ ਵੈਰ-ਵਿਰੋਧ ਤੇ ਆਪੋ ਵਿਚ ਦੀਆਂ ਦੁਸ਼ਮਨੀਆਂ ਓਨਾ ਚਿਰ ਹੀ ਰਹਿੰਦੀਆਂ ਹਨ ਜਦੋਂ ਤਾਈਂ ਬੰਦਾ ਦੁਚਿਤਾਈ ਦੀ ਪਕੜ ਵਿਚ ਹੁੰਦਾ ਹੈ ਤੇ ਉਸਦਾ ਮਨ ਭਰਮਦਾ ਰਹਿੰਦਾ ਹੈ । ਅਥਵਾ, ਜਦੋਂ ਤਕ ਕਿਸੇ ਦੇ ਸੱਜਣ ਹੋਣ ਤੇ ਉਸ ਦਾ ਵਿਸ਼ਵਾਸ ਡੋਲਦਾ ਹੈ, ਭਾਵ, ਜਿੰਨੀ ਦੇਰ ਉਸ ਦੇ ਅੰਦਰ ਕਿਸੇ ਬਾਰੇ ਸ਼ਕ ਸੁਬਹ ਹੈ, ਉਸ ਦੀ ਹਰ ਗੱਲ ਉਸ ਨੂੰ ਸ਼ੱਕੀ ਲਗੇਗੀ, ਉਸ ਦਾ ਮਨ ਡਕੋ-ਡੋਲਿਆਂ ਵਿਚ ਰਹੇਗਾ ਤੇ ਉਸ ਬਾਰੇ ਉਹ ਬੁਰਾ ਭਲਾ ਸੋਚਦਾ ਰਹੇਗਾ—

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥੭॥ (ਪੰਨਾ ੭੪੭)

ਪਰ ਜੇ ਉਹ ਆਪਣੇ ਮਨ ਅੰਦਰ ਕਿਸੇ ਦੂਜੇ ਦਾ ਬੁਰਾ ਚਿਤਵਣਾ ਛਡ ਦੇਵੇ ਅਤੇ ਸਭ ਕਿਸੇ ਨੂੰ ਆਪਣਾ ਸਜਣ ਨਿਸਚੇ ਕਰ ਲਵੇ—

ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥੬॥੩॥ (ਪੰਨਾ ੨੬੬)

ਅਤੇ ਉਸ ਦਾ ਮਨ ਇਸ ਗੱਲ ਦਾ ਦ੍ਰਿੜ੍ਹ-ਵਿਸ਼ਵਾਸੀ ਹੋ ਜਾਵੇ ਕਿ ਸਾਰੇ ਬੰਦੇ ਉਸ ਰੱਬ ਦੇ ਪੈਦਾ ਕੀਤੇ ਹੋਏ ਹਨ ਜਿਸ ਦਾ ਪੈਦਾ ਕੀਤਾ ਮੈਂ ਹਾਂ, ਅਤੇ ਉਹ ਰੱਬ ਅਸਾਂ ਸਾਰਿਆਂ ਅੰਦਰ ਇਕ-ਸਾਰ ਰਮ ਰਿਹਾ ਹੈ ਤਾਂ ਕੋਈ ਬੁਰਾ ਤੇ ਕੋਈ ਭਲਾ ਕਿਉਂ ਲਗੇਗਾ—

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ ॥ਰਹਾਉ॥ (ਪੰਨਾ ੩੮੩)

ਅਤੇ— ਮੰਦਾ ਕਿਸ ਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ ॥੭੫॥ (ਪੰਨਾ ੧੩੮੧)

ਜੇ ਇਹ ਮੰਨ ਲਈਏ, ਜੋ ਇਕ ਅਟੱਲ ਸਚਾਈ ਹੈ, ਕਿ—

ਸਭ ਮਹਿ ਸਚਾ ਏਕੋ ਸੋਈ ॥ ੩ ॥ (ਪੰਨਾ ੧੩੫੦)

ਤਾਂ ਕਿਸੇ ਨੂੰ ਮੰਦਾ ਬੋਲਣਾ ਜਾਂ ਉਸ ਦਾ ਬੁਰਾ ਚਿਤਵਣਾ, ਉਸ ਰੱਬ ਬਾਰੇ ਬੁਰਾ ਚਿਤਵਣਾ ਜਾਂ ਉਸੇ ਰੱਬ ਨੂੰ ਮੰਦਾ ਬੋਲਣਾ ਹੈ, ਜੋ ਉਸ ਦੇ ਅੰਦਰ ਬੈਠਾ ਹੈ । ਜੇ ਇਹ ਜਾਣਦੇ ਹੋਏ ਅਸੀਂ ਆਪਣੀ ਵਲੋਂ ਉਸਨੂੰ ਮੰਦਾ ਨਹੀਂ ਬੋਲਾਂਗੇ ਤਾਂ ਉਸ ਨੂੰ ਸਾਡੀ ਚੰਗਿਆਈ (ਮੰਦਾ ਨਾ ਬੋਲਣ) ਦਾ ਅਹਿਸਾਸ ਹੋਵੇਗਾ । ਜੇ ਭਲਾ ਇਕ ਦੋ ਚਾਰ ਵਾਰ, ਬਲਕਿ



www.AKJ.Org

ਵਧੇਰੇ ਵਾਰ ਅਸੀਂ ਉਸ ਦੀ ਬੁਰਿਆਈ ਨੂੰ ਨਹੀਂ ਗੌਲਦੇ ਅਤੇ ਚੰਗਾ ਹੀ ਬੋਲਦੇ ਹਾਂ ਤਾਂ ਉਹ ਅਖੀਰ ਆਪਣੇ ਆਪ ਵਿਚ ਹੀ ਸ਼ਰਮਸਾਰ ਹੋਵੇਗਾ ਤੇ ਸਾਡੀ ਚੰਗਿਆਈ ਦਾ ਮੁਲ ਪਾਵੇਗਾ । ਅਗੋਂ ਹੱਥ ਨਾ ਉਠਾਉਂਦੇ ਹੋਏ ਸਹਾਰੀ ਜਾਣਾ ਇਹੋ ਹੈ ਅਸਲ passive resistance (ਵੇਖ ਕੇ ਅਣਡਿਠ ਕਰਦੇ ਜਾਣਾ)। ਸਿਖ ਹਰ ਰੋਜ਼ ਸਵੇਰੇ ਸ਼ਾਮ ਆਪਣੇ ਸਤਿਗੁਰੂ ਮੂਹਰੇ ਕੀਤੀ ਅਰਦਾਸ ਵਿਚ ਜ਼ਿਕਰ ਕਰਦਾ ਹੈ, ਜਿਨ੍ਹਾਂ ਵੇਖ ਕੇ ਅਣਡਿਠ ਕੀਤਾ, ਅਤੇ ਐਸਾ ਕਰਨ ਵਾਲਿਆਂ ਦੀ ਵਾਹ ਵਾਹ ਕਰਦਾ ਹੈ । ਜੇ ਅਸੀਂ ਨਿਤਾਪ੍ਰਤ ਉਨ੍ਹਾਂ ਤੋਂ ਸਦਕੇ ਜਾਂਦੇ ਹਾਂ ਜਿਨ੍ਹਾਂ ਦੂਜੇ ਦੇ ਅਉਗਣ ਵੇਖ ਕੇ ਵੀ ਉਨ੍ਹਾਂ ਨੂੰ ਚਿਤਾਰਿਆ ਨਹੀਂ, ਪ੍ਰੰਤੂ ਇਸ ਦੇ ਉਲਟ ਖ਼ੁਦ ਕਿਸੇ ਦੇ ਅਉਗਣਾਂ ਨੂੰ ਅਣਡਿਠ ਨਹੀਂ ਕਰਦੇ ਤਾਂ ਜਿਨ੍ਹਾਂ ਵੇਖ ਕੇ ਅਣਡਿਠ ਕੀਤਾ ਉਨ੍ਹਾਂ ਬਾਰੇ ਸਾਡੀ ਵਾਹ ਵਾਹ ਦੇ ਕੀ ਅਰਥ ਹਨ ?

ਦਰ ਗੁਜ਼ਰ ਕਰਨਾ ਅਥਵਾ ਕਿਸੇ ਦੀ ਮੰਦੀ ਭਾਵਨਾ, ਮੰਦੇ ਬੋਲ ਅਤੇ ਮੰਦੀ ਕਰਨੀ ਵੇਖਦੇ ਹੋਏ ਉਸ ਨੂੰ ਨਜ਼ਰ-ਅੰਦਾਜ਼ ਜਾਂ ਅਣਡਿਠ ਕਰਨਾ ਅਜਿਹਾ ਕਰਨ ਵਾਲੇ ਦੇ ਵਿਸ਼ਾਲ ਹਿਰਦੇ ਰਖਣ ਦੀ ਨਿਸ਼ਾਨੀ ਹੈ। ਅਜਿਹੇ ਬੰਦੇ ਸ਼ਾਂਤ-ਚਿਤ ਹੁੰਦੇ ਹਨ ਅਤੇ ਉਨ੍ਹਾਂ ਦਾ ਕੀਤਾ ਮਾਲਕ ਦੇ ਦਰ ਤੇ ਪ੍ਰਵਾਣ ਪੈਂਦਾ ਹੈ—

ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥੧॥੯॥ (ਪੰਨਾ ੫੫੧)

ਇਸ ਸੰਬੰਧੀ ਚੇਤੇ ਰਖਣ ਵਾਲੀ ਇਹ ਗੱਲ ਹੈ ਕਿ ਜਦੋਂ ਅਸੀਂ ਕਿਸੇ ਦੀ ਬੁਰਿਆਈ ਨੂੰ, ਤਥਾ, ਉਸ ਦੇ ਮੰਦੇ ਕਰਮ ਜਾਂ ਮੰਦੇ ਬੋਲ ਨੂੰ ਚਿਤਵਦੇ ਹਾਂ ਤਾਂ ਸਾਡੇ ਮਨ ਅੰਦਰ ਉਸ ਲਈ ਘਿਰਣਾ ਪੈਦਾ ਹੁੰਦੀ ਤੇ ਮਨ ਦੁਖੀ ਹੁੰਦਾ ਹੈ। ਉਸ ਵਾਸਤੇ ਮੰਦੀਆਂ ਭਾਵਨਾਂ ਵੀ ਸਾਡੇ ਅੰਦਰ ਪੈਦਾ ਹੁੰਦੀਆਂ ਹਨ, ਉਸ ਤੇ ਕ੍ਰੋਧ ਆਉਂਦਾ ਅਤੇ ਸਾਨੂੰ ਉਹ ਦੁਸ਼ਮਨ ਤਕ ਭਾਸਣ ਲਗ ਜਾਂਦਾ ਹੈ। ਅਜਿਹੀ ਵਾਰ ਵਾਰ ਆਈ ਚਿਤਵਣੀ ਸਾਡੀ ਨੀਂਦ ਤੇ ਭੁਖ ਵੀ ਹਰਾਮ ਕਰ ਦੇਂਦੀ ਹੈ, ਸਾਡੇ ਖ਼ੂਨ ਦਾ ਦੌਰਾ ਤੇਜ਼ ਹੋ ਜਾਂਦਾ ਅਤੇ ਦਿਲ ਦੀ ਹਰਕਤ ਵਧ ਜਾਂਦੀ ਹੈ, ਜਿਵੇਂ ਕਿ ਬੁਖਾਰ ਹੋ ਗਿਆ ਹੋਵੇ। ਪਰ ਸਾਡੀ ਅਜਿਹੀ ਚਿਤਵਣੀ ਸਾਡੇ ਵਿਰੋਧੀ ਦਾ ਤਾਂ ਕੁਛ ਵਿਗਾੜ ਨਹੀਂ ਰਹੀ ਹੁੰਦੀ—ਅਸੀਂ ਆਪਣੇ ਆਪ ਵਿਚ ਹੀ ਦੁਖੀ ਹੋ ਰਹੇ ਹੁੰਦੇ ਹਾਂ । ਇਕ ਅੰਗਰੇਜ਼ ਲਿਖਾਰੀ ਆਪਣੀ ਪੁਸਤਕ "How to stop worrying" ਵਿਚ ਲਿਖਦਾ ਹੈ—

"When we hate our enemies, we are giving them power over us—power over our sleep, our appetite, our blood pressure, our health and our happiness. Our hate is not hurting them at all, but our hate is turning our own days and nights into hellish turmoil."

ਅਰਥਾਤ, "ਜਦੋਂ ਅਸੀਂ ਆਪਣੇ ਦੁਸ਼ਮਨ ਪ੍ਰਤੀ ਨਫ਼ਰਤ ਚਿਤਵਦੇ ਹਾਂ ਤਾਂ ਅਸੀਂ ਉਨ੍ਹਾਂ ਦਾ ਆਪਣੇ ਉਪਰ ਗ਼ਲਬਾ ਪੁਆ ਰਹੇ ਹੁੰਦੇ ਹਾਂ—ਉਹ ਸਾਡੀ ਨੀਂਦ, ਸਾਡੀ ਭੁਖ, ਸਾਡੇ ਖ਼ੂਨ ਦੇ ਦਬਾਉ, ਸਾਡੀ ਸਿਹਤ ਅਤੇ ਸਾਡੀ ਖ਼ੁਸ਼ੀ ਉਪਰ ਗ਼ਾਲਬ ਹੋ ਰਹੇ ਹੁੰਦੇ ਹਨ। ਸਾਡੀ ਉਹਨਾਂ ਵਲ ਨਫ਼ਰਤ ਉਨ੍ਹਾਂ ਦਾ ਤਾਂ ਕੁਛ ਵਿਗਾੜਦੀ ਨਹੀਂ ਹੁੰਦੀ, ਸਗੋਂ ਸਾਡੇ ਹੀ ਦਿਨ ਰਾਤ ਨੂੰ ਨਰਕ ਜੈਸਾ ਬਣਾ ਰਹੀ ਹੁੰਦੀ ਹੈ।"

ਇਸ ਲਈ ਉਹ ਕਹਿੰਦਾ ਹੈ,"Heat not a furnace for your foe so hot that do singe yourself." ਅਰਥਾਤ, "ਆਪਣੇ ਦੁਸ਼ਮਣ ਲਈ (ਆਪਣੇ ਮਨ ਦੀ) ਭਠੀ ਏਨੀ ਨ ਤਪਾਓ ਕਿ ਇਹ ਤੁਹਾਨੂੰ ਹੀ ਸਾੜ ਦੇਵੇ।" ਤਾਂ ਤੇ ਉਹ ਕਹਿੰਦਾ ਹੈ, 'ਮੁਆਫ਼ ਕਰ ਦਿਓ ਆਪਣੇ ਦੁਸ਼ਮਨਾਂ ਨੂੰ ਅਤੇ ਭੁਲ ਜਾਓ ਦੁਸ਼ਮਨੀ—ਉਨ੍ਹਾਂ ਦੀ ਖ਼ਾਤਰ ਨਹੀਂ ਜਿਨ੍ਹਾਂ ਨਾਲ ਤੁਹਾਡਾ ਵਿਰੋਧ ਸੀ, ਬਲਕਿ ਆਪਣੀ ਸਿਹਤ ਨਰੋਈ ਰਖਣ ਲਈ। ਇਸ ਪ੍ਰਥਾਏ ਸ਼ੇਖ ਫਰੀਦ ਜੀ ਦਾ ਬਚਨ ਵੀ ਯਾਦ ਰਖਣ ਵਾਲਾ ਹੈ—

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥ (ਸਲੋਕ ਫਰੀਦ ਜੀ, ਪੰਨਾ ੧੩੮੨)

ਓਹ ਅੰਗਰੇਜ਼ ਇਸ ਬਾਰੇ ਇਉਂ ਭੀ ਲਿਖਦਾ ਹੈ :—


www.AKJ.Org

"No pain of body can exceed the excruciating pain of an agonized mind, All causation was mind and every effect a mental phenomenon......The mind is its own place and in itself can make a heaven of hell and a hell of heaven."

"ਕੋਈ ਵੀ ਸਰੀਰਕ ਪੀੜਾ ਮਨ ਦੀ ਹਿਰਦੇ-ਵੇਧਕ ਕੁਰਲਾਹਟ ਤੋਂ ਵਧ ਦੁਖਦਾਈ ਨਹੀਂ ਹੁੰਦੀ—ਸਾਰੇ ਦੁਖਾਂ ਦੀ ਅਨਭਵਤਾ ਮਨ ਤੋਂ ਉਗਮਦੀ ਅਤੇ ਸਾਡੀ ਸੂਝ ਬੂਝ ਤੇ ਛਾ ਜਾਂਦੀ ਹੈ। ਮਨ ਦੀ ਆਪਣੀ ਥਾਉਂ ਹੈ ਅਤੇ ਮਨ ਆਪਣੇ ਆਪ ਵਿਚ ਸੁਰਗ ਨੂੰ ਨਰਕ ਅਤੇ ਨਰਕ ਨੂੰ ਸੁਰਗ ਵਿਚ ਪਲਟ ਲੈਣ ਦੀ ਸਮਰੱਥਾ ਰਖਦਾ ਹੁੰਦਾ ਹੈ।" ਪਿਛਲੇ ਸਮੇਂ ਦਾ ਇਕ ਉਘਾ ਲੇਖਕ ਮਾਰਕਸ ਅਉਰੀਲੀਅਸ ਲਿਖਦਾ ਹੈ : 'Our life is what. our thoughts make it'. 'ਅਸੀਂ ਜੈਸਾ ਸੋਚਦੇ ਹਾਂ ਵੈਸੇ ਬਣ ਜਾਂਦੇ ਹਾਂ'। ਮਾੜੀ ਸੋਚ ਸਾਨੂੰ ਮਾੜਾ ਅਤੇ ਚੰਗੀ ਚੰਗਾ ਬਣਾ ਦੇਂਦੀ ਹੈ। ਇਸ ਲਈ ਜੋ ਸ਼ਖਸ ਸਾਡੇ ਖਿਆਲ ਵਿਚ ਮੰਦਾ ਹੈ, ਉਸ ਦਾ ਕਦੀ ਧਿਆਨ ਹੀ ਨਾ ਕਰੋ। ਜਦੋਂ ਸਾਡੀ ਬਿਰਤੀ ਅਜਿਹੀ ਬਣ ਜਾਵੇਗੀ ਅਤੇ ਅਸੀਂ ਆਪਣੇ ਅੰਦਰ ਇਸ ਦਾ ਅਭਿਆਸ ਕਰਦੇ ਜਾਵਾਂਗੇ ਤਾਂ ਸਾਡੇ ਸੁਭਾਉ ਵਿਚੋਂ ਮੰਦਾ ਚਿਤਵਣਾ ਹੀ ਖ਼ਤਮ ਹੋ ਜਾਵੇਗਾ ਅਤੇ ਅਸੀਂ ਹਰ ਕਿਸੇ ਨੂੰ ਆਪਣਾ ਸਜਣ ਅਤੇ ਆਪਣੇ ਆਪ ਨੂੰ ਹਰ ਕਿਸੇ ਦਾ ਸਜਣ ਸਮਝਾਂਗੇ, ਅਤੇ ਕਹਿ ਸਕਾਂਗੇ—

ਸਭੁ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥੩॥ ਪੰਨਾ ੬੭੧

ਪਰ ਇਸ ਅਵਸਥਾ ਤੇ ਪੁਜਣ ਲਈ ਸਾਨੂੰ ਤਿੰਨ ਮੰਜ਼ਲਾਂ ਪੂਰੀਆਂ ਕਰਨੀਆਂ ਪੈਣਗੀਆਂ—

(੧) ਕਿਸੇ ਦਾ ਬੁਰਾ ਨਾ ਕਰਨਾ,
(੨) ਕਿਸੇ ਦੀ ਬੁਰਿਆਈ ਨੂੰ ਨਾ ਚਿਤਵਣਾ, ਅਤੇ
(੩) ਸਭ ਕਿਸੇ ਨੂੰ ਆਪਣਾ ਸਜਣ ਜਾਣਨਾ।

ਇਉਂ ਅਸੀਂ ਚੰਗੇ ਇਨਸਾਨ ਬਣ ਸਕਾਂਗੇ। [ਟਰੈਕਟ "ਨਾ ਕੋ ਬੈਰੀ ਨਹੀ ਬਿਗਾਨਾ" ਵਿਚੋਂ

# ਭਾ: ਸਾ: ਭਾਈ ਰਣਧੀਰ ਸਿੰਘ ਜੀ ਪਾਠ-ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ੨੫ ਸਾਲ ਜਾਂ ਘਟ ਉਮਰ ਦੇ ਬੱਚੇ ਇਮਤਿਹਾਨ ਵਿਚ ਬੈਠ ਸਕਦੇ ਹਨ। ਪਾਠ ਕਰਨ ਵਾਲਾ ਬੱਚਾ ਜੁਗਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਤੀ ਘੰਟਾ ੩੦ ਪੰਨੇ ਕਰ ਸਕਦਾ ਹੋਵੇ। ਉਹ ਪਾਠ ਕਰਨ ਦੇ ਗੁਣ ਨੂੰ ਕਮਾਈ ਦੇ ਤੌਰ ਤੇ ਨਾ ਵਰਤਦਾ ਹੋਵੇ।

ਜਿਹੜੇ ਬੱਚੇ ਇਸ ਸਕੀਮ ਅਧੀਨ ਇਮਤਿਹਾਨ ਦੇਣਾ ਚਾਹੁਣ, ਉਹ ਲੁੜੀਂਦੇ ਫ਼ਾਰਮ ੨੩-ਜੀ, ਸਰਾਭਾ ਨਗਰ ਲੁਧਿਆਣਾ ਤੋਂ ਮੰਗਵਾ ਕੇ ਉਨ੍ਹਾਂ ਨੂੰ ਠੀਕ ਢੰਗ ਨਾਲ ਭਰ ਕੇ, ਮੁੜ ਓਸੇ ਪਤੇ ਤੇ ਪਹਿਲੀ ਦਸੰਬਰ ਤਕ ਵਾਪਸ ਭੇਜ ਦੇਣ। ਇਨ੍ਹਾਂ ਬੱਚਿਆਂ ਦਾ ਟੈਸਟ ਪੋਹ ਸੁਦੀ ਸਪਤਮੀ ਦੇ ਸਮਾਗਮ ਤੇ ਲੁਧਿਆਣੇ ਲਿਆ ਜਾਵੇਗਾ।

ਸਕੱਤਰ, ਭਾ: ਸਾ: ਭਾਈ ਰਣਧੀਰ ਸਿੰਘ ਜੀ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

# ਸੈਂਟਰਲ ਸਮਾਗਮਾਂ ਸਮੇਂ

ਜ਼ਿਮੇਵਾਰ ਸਿੰਘਾਂ ਦੇ ਚਰਨਾਂ ਵਿਚ ਇਹ ਬੇਨਤੀ ਦੁਹਰਾਈ ਜਾਂਦੀ ਹੈ ਕਿ ਸੈਂਟਰਲ ਸਮਾਗਮਾਂ ਦੇ ਅਵਸਰ ਤੇ ਕੋਈ ਭੀ ਲੋਕਲ ਸਮਾਗਮ ਨਾ ਰਖਿਆ ਜਾਇਆ ਕਰੇ, ਤਾਂ ਜੁ ਮੇਨ ਸਮਾਗਮ ਦੀ ਰੌਣਕ ਵਿਚ ਫ਼ਰਕ ਨਾ ਆਵੇ।

ਦਾਸਰਾ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ



www.AKJ.Org

# ਭੂੰਚਲ

## ਥੰਮੇ ਕੋਇ ਨ ਸਾਧ ਬਿਨੁ

[ ਭਾਈ ਮੋਹਨ ਸਿੰਘ ਜੀ ਵੈਦ ]

੨੩ ਚੇਤ ਸੰਮਤ ੧੯੬੧ ਅਰਥਾਤ ੪ ਅਪ੍ਰੈਲ ੧੯੦੫ ਵਾਲਾ ਦਿਹਾੜਾ ਪੰਜਾਬ ਦੇ ਸਭ ਆਦਮੀਆਂ ਦੇ ਚੇਤੇ ਹੋਣਾ ਹੈ। ਇਹ ਉਹ ਦਿਨ ਸੀ, ਜਦ ਕਾਂਗੜੇ ਦੇ ਭੂੰਚਲ ਨਾਲ ਮਾਨੋ ਪਰਲੋ ਵਰਤ ਗਈ ਸੀ। ਜਿਸ ਦੇ ਅਸਰ ਨਾਲ ਨਾ ਕੇਵਲ ਜਵਾਲਾਮੁਖੀ, ਕਾਂਗੜੇ ਅਤੇ ਹੋਰ ਲਾਗੇ ਦੇ ਪਿੰਡਾਂ ਗਰਾਵਾਂ ਦਾ ਢਹਿ ਢੇਰੀ ਹੋ ਕੇ ਸਤਿਆਨਾਸ ਹੋ ਗਿਆ ਸੀ, ਸਗੋਂ ਇਸ ਭੂੰਚਲ ਦੀ ਧਮਕ ਨਾਲ ਲਾਹੌਰ, ਅੰਮ੍ਰਿਤਸਰ ਅਤੇ ਹੋਰ ਕਈ ਸ਼ਹਿਰਾਂ ਵਿਚ ਭੀ ਕਈ ਵਡੇ ਵਡੇ ਸੁੰਦਰ ਮਹਿਲ ਅਤੇ ਮੰਦਰ, ਜੋ ਆਕੜੇ ਹੋਏ ਅਹੰਕਾਰੀ ਮਨੁੱਖ ਵਾਂਗ ਗਿਚੀਆਂ ਉਚੀਆਂ ਉਚੀਆਂ ਕਰ ਕੇ ਅਸਮਾਨ ਨਾਲ ਗੱਲਾਂ ਕਰਦੇ ਸਨ, ਉਨ੍ਹਾਂ ਨੂੰ ਧਰਤੀ ਪਰ ਮੱਥਾ ਰਗੜਨਾ ਪਿਆ। ਇਨ੍ਹਾਂ ਮਕਾਨਾਂ ਅਤੇ ਕੋਠਿਆਂ ਦੇ ਡਿਗਣ ਨਾਲ ਕਈ ਜਾਨਾਂ ਦਾ ਜਾਨ ਹੋਇਆ।

ਪਰ ਜੋ ਹਾਲ ਖ਼ਾਸ ਕਾਂਗੜੇ ਵਿਚ ਵਰਤਿਆ, ਉਸ ਦਾ ਪੂਰਾ ਪੂਰਾ ਵਰਣਨ ਨਹੀਂ ਹੋ ਸਕਦਾ। ਉਸ ਸਮੇਂ ਦਾ ਦ੍ਰਿਸ਼ ਅਜਿਹਾ ਭਿਆਨਕ ਸੀ, ਜਿਸ ਨੂੰ ਦੇਖ ਕੇ ਅੱਖਾਂ ਅਗੇ ਸਰ੍ਹੋਂ ਛਾ ਜਾਂਦੀ ਸੀ। ਵਡੀਆਂ ਵਡੀਆਂ ਸੁੰਦਰ ਇਮਾਰਤਾਂ, ਜੋ ਚਾਰ ਪੰਜ ਮਿੰਟ ਪਹਿਲੇ ਰਾਹ ਜਾਂਦੇ ਦੀ ਨਜ਼ਰ ਦੇ ਖਿੱਚ ਦਾ ਕਾਰਨ ਸਨ, ਉਹ ਸਭ ਕੁਝ ਹੁਣ ਕੇਵਲ ਦੇਖਣ ਵਾਲੇ ਨੂੰ ਸ਼ੋਕ ਦਾ ਨਜ਼ਾਰਾ ਪੇਸ਼ ਕਰਦੇ ਸਨ। ਜਿਨ੍ਹਾਂ ਘਰਾਂ ਗਲੀਆਂ ਮਹੱਲਿਆਂ ਅਤੇ ਬਾਜ਼ਾਰਾਂ ਵਿਚ ਆਦਮੀਆਂ ਦੀ ਭੀੜ ਭਾੜ ਕਰਕੇ ਗਹਿਮਾ ਗਹਿਮ ਮਚੀ ਰਹਿੰਦੀ ਸੀ, ਉਹ ਹੁਣ ਮਿੱਟੀ ਨਾਲ ਪੂਰਤ ਸੁੰਨੇ ਖੋਲੇ ਪਏ ਸਨ। ਜਿਥੇ ਰਾਗ ਰੰਗ ਦੀਆਂ ਮਹਿਫ਼ਲਾਂ ਅਤੇ ਮੰਗਲਾਚਾਰ ਦੇ ਸਾਮਾਨ ਹਰ ਵੇਲੇ ਬਣੇ ਰਹਿੰਦੇ ਸਨ, ਉਥੋਂ ਦੇ ਹੁਣ ਕੂਕਾਂ ਅਰ ਵੈਣਾਂ ਦੀਆਂ ਅਵਾਜ਼ਾਂ ਸੁਣਾਈ ਦੇਂਦੀਆਂ ਸਨ। ਘਰਾਂ ਵਿਚ ਮਨੁਖ ਅਰ ਪਸ਼ੂ ਸੁਤੇ ਬੈਠੇ ਯਾ ਖੜੋਤੇ, ਜਿਸ ਦਸ਼ਾ ਵਿਚ ਭੀ ਸਨ, ਦੱਬੇ ਗਏ। ਗਲੀਆਂ ਵਿਚ ਤੁਰਦੇ ਫਿਰਦੇ ਸਭ ਮਿਟੀ ਵਿਚ ਛਪਣ ਹੋ ਗਏ, ਅਤੇ ਸਚ ਮੁਚ ਉਹ ਦਸ਼ਾ ਹੋ ਰਹੀ ਸੀ—

"ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ" ॥੫੭॥ (੧੩੮੦)

ਕੀ ਇਹ ਡਰਾਵਣਾ ਅਰ ਅਤੀ ਭਯੰਕਰ ਦ੍ਰਿਸ਼ ਨਹੀਂ ਸੀ? ਜੋ ਮਾਂ ਆਪਣੇ ਪਿਆਰੇ ਨਨ੍ਹੇ ਬੱਚੇ ਨੂੰ ਦੋ ਮਿੰਟ ਨਹੀਂ ਹੋਏ, ਮਿਠੀਆਂ ਲੋਰੀਆਂ ਦੇ ਰਹੀ ਸੀ ਅਰ ਉਸ ਨੂੰ ਥਪੋਕ ਰਹੀ ਸੀ ਕਿ ਬੱਚਾ ਸੌਂ ਜਾਵੇ, ਉਸ ਨੂੰ ਖ਼ਬਰ ਨਹੀਂ ਸੀ ਕਿ ਮੇਰੀਆਂ ਅਖੀਆਂ ਦਾ ਚਾਨਣ ਅੱਖ ਦੇ ਫੋਰ ਵਿਚ ਸਦਾ ਲਈ ਮਿੱਠੀ ਨੀਂਦਰੇ ਸੌਂ ਜਾਵੇਗਾ। ਉਹ ਪਿਤਾ ਜੋ ਆਪਣੇ ਪੁਤਰ ਦੀ ਕੰਡ ਪੁਰ ਹੱਥ ਫੇਰ ਫੇਰ ਸ਼ੁਭ ਸਿਖਿਆ ਦੇਂਦੇ ਹੋਏ ਕੇਵਲ ਪੰਜ ਛੀ ਘੰਟੇ ਸੁੱਤਾ ਸੀ, ਉਸ ਨੂੰ ਪਤਾ ਨਹੀਂ ਸੀ ਕਿ ਮੇਰਾ ਲਾਡਲਾ ਲਾਲ ਅਜ ਰਾਤ ਦਾ ਹੀ ਪ੍ਰਾਹੁਣਾ ਹੈ।... ਗੱਲ ਕੀ, ਰਾਤ ਦੇ ਚਾਉ ਮਲ੍ਹਾਰ, ਲਾਡ ਅਰ ਪਿਆਰ ਸਵੇਰ ਹੁੰਦੇ ਹੀ ਭੂੰਚਲ ਦੇ ਇਕ ਝੂਟੇ ਨਾਲ ਮਿਟੀ ਵਿਚ ਮਿਲ ਗਏ। ਤਿੰਨ ਚਾਰ ਮਿੰਟ ਦੇ ਅੰਦਰ ਪਰਲੋ ਹੋ ਗਈ ਅਤੇ ਸਭ ਧਰਤੀ ਤ੍ਰਾਹ ਤ੍ਰਾਹ ਕਰ ਉਠੀ।......ਸੱਚ ਹੈ—

"ਹਰਨ ਭਰਨ ਜਾ ਨੇਤ੍ਰ ਫੋਰੁ ॥ ਤਿਸੁ ਕਾ ਮੰਤ੍ਰੁ ਨ ਜਾਨੈ ਹੋਰੁ ॥੨॥੧੬॥ (੨੮੪)

ਜਿਸ ਵੇਲੇ ਇਸ ਪਰਲੋ ਦੀ ਖ਼ਬਰ ਸਰਕਾਰ ਪਾਸ ਪੁਜੀ, ਉਸੀ ਵੇਲੇ ਲਾਟ ਸਾਹਿਬ ਖ਼ੁਦ ਮੌਕੇ ਪਰ ਗਏ ਅਤੇ ਕਈ ਡਾਕਟਰ ਜ਼ਖਮੀਆਂ ਅਰ ਦੁਖੀਆਂ ਦੀ ਮਲ੍ਹਮ ਪੱਟੀ ਅਰ ਦਾਰੂ ਦਰਮਲ ਲਈ ਭੇਜੇ ਗਏ। ਬਹੁਤ ਸਾਰੇ ਮਜ਼ਦੂਰ ਲਗਾਏ ਗਏ, ਜੋ ਦੱਬਿਆਂ ਹੋਇਆਂ ਨੂੰ ਮਕਾਨਾਂ ਹੇਠੋਂ ਕਢਣ। ਜੀਉਂਦਿਆਂ ਦੀ ਜਾਨ ਰਖਣ ਲਈ ਅੰਨ-ਆਟੇ ਦੀ ਸਹਾਇਤਾ ਦਿਤੀ ਗਈ ਅਰ ਇਸ ਤਰ੍ਹਾਂ ਕਈ ਜਾਨਾਂ, ਜੋ ਸਹਾਇਤਾ ਤੋਂ ਬਿਨਾਂ ਨਾਸ ਜਾਂਦੀਆਂ ਸਨ, ਬਚ ਗਈਆਂ।



www.AKJ.Org

(੨)

ਕੋਈ ਪੰਜ ਸੌ ਵਰ੍ਹਾ ਬੀਤਿਆ ਹੈ ਕਿ ਭਾਰਤ-ਵਰਸ਼ ਵਿਚ ਕਈ ਸਦੀਆਂ ਤਕ ਵਡੇ ਵਡੇ ਕਰੜੇ ਭੂੰਚਲ ਆਂਵਦੇ ਰਹੇ। ਨਾਲ ਹੀ ਆਂਧੀ ਅਰ ਗੁਬਾਰ ਦੇ ਅਜਿਹੇ ਤੂਫ਼ਾਨ ਵਗਦੇ ਰਹੇ, ਜਿਸ ਨਾਲ ਦੇਸ ਦੀਆਂ ਹੇਠਲੀਆਂ ਜੜ੍ਹਾਂ ਉਪਰ ਆ ਗਈਆਂ। ਲੋਕ ਘਰਾਂ ਦੀ ਬਰਬਾਦੀ ਦੇ ਸਬੱਬ ਕੀੜਿਆਂ ਮਕੋੜਿਆਂ ਵਾਂਗ ਚਿੱਥੇ ਜਾ ਰਹੇ ਸਨ। ਇਸ ਸਮੇਂ ਸਾਕਾਂ ਸਨਬੰਧੀਆਂ ਦੀ ਰਖਿਆ ਕਰਨੀ ਤਾਂ ਇਕ ਪਾਸੇ ਰਹੀ, ਆਪਣੀ ਆਪਣੀ ਜਾਨ ਬਚਾਣੀ ਭੀ ਅਸੰਭਵ ਸੀ। ਇਹ ਭੂੰਚਲ ਮਹਿਮੂਦ ਅਰ ਤੈਮੂਰ ਵਰਗੇ ਜ਼ਾਲਮਾਂ ਦੀਆਂ ਭਾਰਤ ਪਰ ਚੜ੍ਹਾਈਆਂ ਅਰ ਉਨ੍ਹਾਂ ਦੇ ਕਤਲ ਅਰ ਲੁੱਟ ਮਾਰ ਦੇ ਜ਼ੁਲਮ ਸਨ। ਇਹ ਭੂੰਚਲ ਔਰੰਗਜ਼ੇਬ ਦੀ ਅਨੀਤੀ ਅਰ ਅਨਿਆਇ ਅਤੇ ਨਾਦਰ ਅਰ ਅਹਿਮਦ ਸ਼ਾਹ ਅਬਦਾਲੀ ਦੀਆਂ ਦੇਸ ਪ੍ਰਤਿ ਤਬਾਹੀਆਂ ਸਨ, ਜਿਨ੍ਹਾਂ ਦੇ ਜ਼ੁਲਮਾਂ ਅਰ ਪਾਪਾਂ ਹੇਠ ਦੇਸ-ਵਾਸੀ ਦਬੇ ਹੋਏ ਮਲੀਦਾ ਹੋ ਰਹੇ ਸਨ। ਘਰ ਬਾਰ ਢਾਹੇ ਜਾਂਦੇ ਸਨ, ਧਨ-ਧਾਮ ਲੁਟ ਲਿਆ ਜਾਂਦਾ ਸੀ, ਭਾਰਤ-ਵਾਸੀਆਂ ਦੀਆਂ ਇਸਤ੍ਰੀਆਂ, ਜਵਾਨ ਕੰਨਿਆਂ ਅਰ ਬਾਲਕ ਜ਼ੋਰੀ ਖੋਹ ਕੇ ਮੁਸਲਮਾਨਾਂ ਦੇ ਘਰੀਂ ਪਾਏ ਜਾਂਦੇ ਸਨ। ਹਿੰਦੂਆਂ ਦਾ ਕਤਲ ਕਰਨਾ ਸਵਾਬ (ਪੁੰਨ) ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਕਸ਼ਟ ਦੇ ਕੇ ਮਾਰਨਾ ਇਕ ਖੇਡ ਯਾ ਮਨ-ਪਰਚਾਵਾ ਸਮਝਿਆ ਜਾਂਦਾ ਸੀ। ਇਹ ਭੂੰਚਲ ਸੀ ਅਤੇ ਇਹ ਹਨੇਰੀ ਦਾ ਤੂਫਾਨ ਸੀ, ਜਿਸ ਨਾਲ ਭਾਰਤ ਵਰਸ਼ ਗਾਰਤ ਹੋ ਰਿਹਾ ਸੀ। ਉਸ ਸਮੇਂ ਦੀ ਦਸ਼ਾ ਇਸ ਤਰ੍ਹਾਂ ਦਸੀ ਹੈ—

ਜੁਗ-ਗਰਦੀ ਜਬ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ॥
ਉਠੇ ਗਿਲਾਨਿ ਜਗਤ ਵਿਚਿ ਵਰਤੈ ਪਾਪ ਭ੍ਰਸਟ ਸੰਸਾਰਾ॥ ੧੭॥ (੧)

ਅਤੇ—ਵਰਤਿਆ ਪਾਪ ਜਗਤ੍ਰ ਤੇ ਧਉਲ ਉਡੀਣਾ ਨਿਸ ਦਿਨ ਰੋਆ॥
ਬਾਝ ਦਇਆ ਬਲਹੀਣ ਹੋ ਨਿਘਰ ਚਲੋ ਰਸਾਤਲ ਟੋਆ॥
ਖੜਾ ਇਕਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ॥
ਥੰਮੈ ਕੋਇ ਨ ਸਾਧ ਬਿਨੁ ਸਾਧੁ ਨ ਦਿਸੈ ਜਗ ਵਿਚਿ ਕੋਆ॥
ਧਰਮ ਧਉਲ ਪੁਕਾਰੈ ਤਲੈ ਖੜੋਆ ॥੨੨॥ [ਭਾਈ ਗੁਰਦਾਸ ਜੀ, ਵਾਰ ੧

ਜਦ ਇਸ ਤਰ੍ਹਾਂ ਪਾਪ ਅਰ ਅਤਿਆਚਾਰ ਦੀ ਹਨੇਰੀ ਨਾਲ ਧਰਮ ਦਾ ਧੌਲ ਬਲਹੀਨ ਹੋ ਗਿਆ ਤਾਂ ਜੋ ਦਸ਼ਾ ਉਸ ਵੇਲੇ ਪਰਜਾ ਦੀ ਯਾ ਉਨ੍ਹਾਂ ਦੀ, ਜੋ ਅਗੇ ਦੇਸ ਵਿਚ ਰਾਜੇ ਸਰਦਾਰ ਸਨ, ਹੋਈ, ਉਸ ਦਾ ਹਾਲ ਨਿਮਨ ਲਿਖਤ (ਗੁਰੂ ਕੀ ਬਾਣੀ) ਤੋਂ ਚੰਗੀ ਤਰ੍ਹਾਂ ਪਤਾ ਲਗ ਸਕਦਾ ਹੈ—

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥ ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥੧॥ ਆਦੇਸੁ ਬਾਬਾ ਆਦੇਸੁ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥ ੧॥ ਰਹਾਉ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥ ਹੀਡੋਲੀ ਚੜਿ ਆਈਆ ਦੰਦਖੰਡ ਕੀਤੇ ਰਾਸਿ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥੨॥ ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ॥ ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ॥ ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ॥੩॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥੪॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥੫॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥੬॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥



www.AKJ.Org

ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖੁ ॥੭॥੧੧॥ [ਆਸਾ ਮਹਲਾ ੧, ਪੰਨਾ ੪੧੭

ਪੁਨਾ—ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥ ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥ ਇਹੁ ਜਗੁ ਤੇਰਾ ਤੂ ਗੋਸਾਈ ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ਰਹਾਉ॥ ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥ ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨ੍ੀ ਤੁਪਕ ਤਾਣਿ ਚਲਾਈ ਓਨ੍ੀ ਹਸਤਿ ਚਿੜਾਈ ॥ ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥੫॥ ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥ ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥੬॥ ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥ [ਆਸਾ ਮਹਲਾ ੧, ਪੰਨਾ ੪੧੭-੧੮

ਇਹ ਦਸ਼ਾ ਸੀ ਜੋ ਉਸ ਭੂੰਚਲ ਨੇ ਦੇਸ਼ ਦੀ ਬਣਾ ਦਿਤੀ ਸੀ । ਦੁਖੀਆਂ ਦੀ ਪੁਕਾਰ ਅੰਤ ਨੂੰ ਉਸ ਸਚੇ ਦਰਬਾਰ ਵਿਚ, ਜੋ "ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ, ਸਰਬ ਜੀਆ ਕਾ ਦਾਤਾ" (੬੧੮) ਹੇ,ਪਹੁੰਚੀ, ਜਿਸ ਪੁਰ—

"ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ ॥੨੩॥੧॥" ਭਾਈ ਗੁਰਦਾਸ ਜੀ

ਅਤੇ ਗੁਰੂ ਨਾਨਕ ਸਾਹਿਬ ਨੂੰ ਆਪਣਾ ਵਾਇਸਰਾਇ ਥਾਪ ਕੇ ਹੁਕਮ ਦਿਤਾ ਕਿ—"ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ" (੬੯੭) ਅਰਥਾਤ ਅਜਿਹੇ ਘਰ ਦੀ ਨੀਂਹ ਰਖੋ ਜੋ ਭੂੰਚਲਾਂ ਦੇ ਖ਼ਤਰਿਆਂ ਤੋਂ ਸਾਬਤ ਬਚ ਸਕੇ ਅਤੇ ਫਿਰ "ਜਾਇ ਤਹਾ ਤੁਮ ਧਰਮ ਚਲਾਇ" ਧਰਮ ਦੇ ਧੌਲ ਨੂੰ ਸੱਤਾ ਦਿਓ ।

ਗੁਰੂ ਨਾਨਕ ਸਾਹਿਬ ਨੇ ਸਚਖੰਡ ਵਿਚੋਂ "ਨਉ ਨਿਧਿ ਨਾਮੁ ਗਰੀਬੀ" ਦੀ ਰਾਸ ਲਈ ਅਤੇ "ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ" (੬੨੮) ਦੇ ਹਥਿਆਰ ਸਜਾ ਕੇ ਭਾਰਤ ਦੇ ਦੁਖ ਦਰਿਦਰ ਦੂਰ ਕਰਨ ਹਿਤ ਪਿਆਨਾ ਕੀਤਾ । "ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ" (੭੮੩), ਅਜਿਹੇ ਅਬਿਚਲ ਨਗਰ ਦੀ ਨੀਂਵਾਂ ਰਖੀ, ਜਿਸ ਵਿਚ ਵਸਣ ਵਾਲਿਆਂ ਨੂੰ ਸਦਾ ਸੁਖ ਦੀ ਪ੍ਰਾਪਤੀ ਹੋਵੇ । ਉਨ੍ਹਾਂ ਨੇ ਆ ਕੇ ਭੂੰਚਲ ਅਰ ਹਨੇਰੀ ਦੇ ਫਟੇ ਹੋਏ ਲੋਕਾਂ ਨੂੰ, ਜਿਨ੍ਹਾਂ ਪੁਰ ਜਰਵਾਣਿਆਂ ਦੇ ਕਹਿਰ ਦੀ ਹਨੇਰੀ ਸਦਾ ਝੁਲ ਰਹੀ ਸੀ, ਮਲ੍ਹਮ ਲਗਾਈ । ਨਿਮਾਣਿਆਂ ਨੂੰ ਮਾਣਨੀਯ ਬਣਾਇਆ, ਬਲਹੀਣਾਂ ਨੂੰ ਬਲ ਪ੍ਰਦਾਨ ਕੀਤਾ, ਰੋਗੀਆਂ ਦੇ ਰੋਗ ਨਵਿਰਤ ਕੀਤੇ, ਨਿਥਾਵਿਆਂ ਨੂੰ ਥਾਨਾਪਤੀ ਬਣਾਇਆ, ਭੁਖਿਆਂ ਦੀ ਭੁਖ ਅਤੇ ਦੁਖੀਆਂ ਦੇ ਦੁਖਾਂ ਨੂੰ ਦੂਰ ਕੀਤਾ ਅਤੇ "ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥ ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥" ਉਸ ਸਾਧੂ ਨੇ, ਜਿਸ ਬਿਨ ਧਰਮ ਦੇ ਧੌਲ ਨੂੰ ਕੋਈ ਥੰਮ੍ਹਣ ਵਾਲਾ ਨਹੀਂ ਸੀ, ਮੁੜ ਇਸ ਭਾਰਤ ਨੂੰ ਗਾਰਤ ਹੋਣੋਂ ਬਚਾਅ ਲਿਆ । ਇਹ ਕੰਮ ਕੇਵਲ ਗੁਰੂ ਨਾਨਕ ਸਾਹਿਬ ਦੀ ਹੀ ਤੇਜਮਈ ਜੋਤਿ ਦਾ ਸੀ । ਜਿਨ੍ਹਾਂ ਦੇ ਉਪਕਾਰਾਂ ਵਿਚੋਂ ਵੰਨਗੀ ਮਾਤਰ ਇਹ ਹਨ—



www.AKJ.Org

ਗੁਰਮਤੀ ਕਦਰਾਂ–੫

# ਮਤੁ ਦੇਖਿ ਭੂਲਾ ਵੀਸਰੈ

[ ਪ੍ਰੋਫੈਸਰ ਗੁਰਮੁਖ ਸਿੰਘ ਜੀ ]

ਲੋਕਾਂ ਤੋਂ ਭਲਾ ਭਲਾ ਕਹਾਉਣਾ ਇਹ ਪੁਰਾਣੀ ਮਨੁਖੀ ਰੁਚੀ ਹੈ, ਜੋ ਮਨੁੱਖ ਨੂੰ ਆਤਮਕ ਪੰਧ ਤੇ ਨਹੀਂ ਪੈਣ ਦਿੰਦੀ। ਇਸ ਵਿਚ ਮਨੁਖ ਦੀ "ਮੈਂ ਮੈਂ" ਵਾਲੀ ਹਸਤੀ ਦੀ ਹੋਂਦ ਹੋਰ ਪੱਕੀ ਹੁੰਦੀ ਹੈ। ਆਤਮਕ ਪੈਂਡਾ 'ਮੈਂ ਮੈਂ' ਤੋਂ ਚਲ ਕੇ 'ਧੰਨ ਤੂੰ, ਧੰਨ ਤੂੰ, ਧੰਨ ਤੂੰ' ਤੇ ਮੁਕਦਾ ਹੈ। ਇਸ ਲਈ ਪੁਰਾਤਨ ਸਿੰਘ ਇਸ ਗੁਰਮਤੀ ਕਦਰ ਦੀ ਸੋਧ ਵਿਚ ਇਕ ਦੂਜੇ ਦੀ ਉਸਦੇ ਸਾਹਮਣੇ ਤਾਰੀਫ਼ ਨਹੀਂ ਸੀ ਕਰਦੇ, ਜਿਸਤਰ੍ਹਾਂ ਅੱਜ ਕਲ੍ਹ ਸਭਾ-ਸੁਸਾਇਟੀਆਂ ਵਿਚ ਆਮ ਰਿਵਾਜ ਬਣ ਗਿਆ ਹੈ। ਐਸੀ ਰੀਤੀ 'ਹਉਮੈ' ਨੂੰ ਪੱਠੇ ਖਾਉਣਾ ਹੈ ਤੇ ਹਰੇ ਹਰੇ ਪੱਠੇ ਪਸ਼ੂਆਂ ਨੂੰ ਪੈਂਦੇ ਹਨ। ਅੱਜ ਦਾ ਮਨੁਖ ਜਿੰਨਾ ਚਿਰ 'ਹਉਮੈ' ਦੇ ਪੱਠੇ ਖਾ ਕੇ ਖੁਸ਼ ਹੁੰਦਾ ਰਹੇਗਾ, ਉਸਨੂੰ ਆਤਮਕ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। (ਸੰਪਾਦਕ)

ਸ੍ਰੀ ਗੁਰੂ ਨਾਨਕ ਸਾਹਿਬ ਜੀ ਸਿਰੀ ਰਾਗ ਦੇ ਅਰੰਭਕ ਸ਼ਬਦ ਵਿਚ ੫੦੦ ਸਾਲ ਪਹਿਲਾਂ ਹੋ ਚੁਕੇ ਮਨੁਖ ਦੀ ਮਨੋ-ਬਿਰਤੀ ਦਾ ਇਕ ਸੁੰਦਰ ਪਹਿਲੂ ਪੇਸ਼ ਕਰਦੇ ਹੋਏ ਪ੍ਰਾਣੀ ਨੂੰ ਸੁਚੇਤ ਕਰਦੇ ਹਨ ਕਿ ਕੁਝ ਪ੍ਰਾਪਤ ਕਰ ਕੇ, ਅਥਵਾ ਕੋਈ ਵਡਿਆਈ ਜਾਂ ਆਤਮ-ਬਲ ਹਾਸਲ ਕਰ ਕੇ ਲੋਕਾਂ ਦੀਆਂ ਵੁਲਾਉਣੀਆਂ ਵਿਚ ਆ ਕੇ ਕਿਤੇ ਤੇਰਾ ਭੁਲਾ ਮਨ ਆਪਣਾ ਆਪ ਨਾ ਭੁਲ ਜਾਵੇ ਅਤੇ ਉਸ ਪ੍ਰਭੂ-ਪ੍ਰੀਤਮ ਦੀ ਯਾਦ ਤੋਂ ਟੁੱਟ ਜਾਵੇ–

ਸਿਧੁ ਹੋਵਾ ਸਿਧਿ ਲਾਈ, ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ, ਲੋਕੁ ਰਾਖੈ ਭਾਉ ॥

---

(ਸਫਾ ੨੦ ਦੀ ਬਾਕੀ)

ਸਤਿਗੁਰੁ ਗੁਣੀ ਨਿਧਾਨ ਹੈ ਗੁਣ ਕਰਿ ਬਖਸੇ ਅਵਗੁਣਿਆਰੇ ॥
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ॥
ਸੁਖਸਾਗਰ ਗੁਰਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ ॥
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ ॥
ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ ॥
ਸਤਿਗੁਰ ਪੁਰਖੁ ਸੁਜਾਣੁ ਹੈ ਵਡੇ ਅਜਾਣੁ ਮੁਗਧ ਨਿਸਤਾਰੇ ॥
ਸਤਿਗੁਰ ਆਗੂ ਜਾਣੀਐ ਬਾਂਹ ਪਕੜਿ ਅੰਧਲੇ ਉਧਾਰੇ ॥
ਮਾਣ ਨਿਮਾਣੇ ਸਦ ਬਲਿਹਾਰੇ ॥੧੯॥ [ਭਾਈ ਗੁਰਦਾਸ ਜੀ, ਵਾਰ ੨੬

ਇਸ ਸੱਚੇ ਵਾਇਸਰਾਇ ਜੀ ਨੇ ਦਸ ਵਾਰੀ ਇਸ ਸੰਸਾਰ ਵਿਚ ਆ ਕੇ ਅਜਿਹੇ ਰਾਜ ਦੀ ਨੀਂਹ ਰਖੀ, ਜਿਸ ਬਾਬਤ ਗਵਾਹੀ ਹੈ ਕਿ– ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥ ਪੰਨਾ ੧੩੯੦

ਇਸ ਵਾਸਤੇ ਪਾਠਕ ਜੀ, ਜੇ ਆਪ ਅਗੋਂ ਭੂੰਚਲਾਂ ਦੇ ਦੁਖਾਂ ਤੋਂ ਬਚਣਾ ਲੋੜਦੇ ਹੋ, ਜੇ ਆਪ ਸਦਾ ਦਾ ਸੁਖ ਵਾਂਛਦੇ ਹੋ, ਜੇ ਆਪ ਨੂੰ ਨਵੇਂ ਨਰੋਏ ਰਹਿਣ ਦੀ ਇਛਾ ਹੈ ਤਾਂ ਆਓ, ਦੇਰੀ ਨ ਕਰੋ, ਗੁਰੂ ਨਾਨਕ ਸਾਹਿਬ ਦਾ ਦਰਵਾਜ਼ਾ ਸਭ ਲਈ ਖੁਲ੍ਹਾ ਹੈ–ਕਬੀਰ ਜਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥੬੬॥ (੧੩੬੭) ਗੁਰੂ ਨਾਨਕ ਸਾਹਿਬ ਹਰ ਵੇਲੇ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" (੫੪੪) ਆਪਣੇ ਬਿਰਦ ਨੂੰ ਪਾਲ ਰਹੇ ਹਨ। ਆਪਣੇ ਅਦੁੱਤੀ ਅਬਿਚਲ ਨਗਰ ਵਿਖੇ, ਜਿਥੇ "ਹਰਖ ਅਨੰਤ ਸੋਗ ਨਹੀ ਬੀਆ" (੧੯੬) ਵਾਲਾ ਗੁਰਸਿਖੀ ਦਾ ਧਾਮ ਹੈ, ਆਪ ਨੂੰ ਲੈਣ ਲਈ ਤਿਆਰ ਹਨ। [ਪੁਸਤਕ "ਸਿੱਖ ਹੈਂਡ ਬਿੱਲ" ਵਿਚੋਂ



www.AKJ.Org

ਮਤੁ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ ॥੩॥

[ਸਿਰੀ ਰਾਗ ਮ: ੧—ਪੰਨਾ ੧੪

ਭਗਤ ਨਾਮਦੇਵ ਜੀ ਭੀ ਆਪਣੇ ਸਮਕਾਲੀ ਧਰਮੀ ਲੋਕਾਂ ਦੇ ਅਨੇਕ ਪਰਕਾਰੀ ਭਲੋ ਭਲੋ ਕਹਾਵਣ ਦੇ ਜਤਨਾਂ ਦਾ ਬੜੇ ਸੁੰਦਰ ਢੰਗ ਨਾਲ ਰਾਮਕਲੀ ਰਾਗ ਦੇ ਦੂਜੇ ਸ਼ਬਦ ਵਿਚ ਜ਼ਿਕਰ ਕਰਦੇ ਹਨ। ਸਮੁਚੇ ਧਰਮ ਕਰਮ ਦਾ ਜ਼ਿਕਰ ਕਰ ਕੇ ਸ਼ਬਦ ਦੇ ਅੰਤ ਵਿਚ ਫ਼ੁਰਮਾਉਂਦੇ ਹਨ :—

ਪੰਚ ਸਹਾਈ ਜਨ ਕੀ ਸੋਭਾ, ਭਲੋ ਭਲੋ ਨ ਕਹਾਵਉਗੋ ॥
ਨਾਮਾ ਕਹੈ ਚਿਤੁ ਹਰਿ ਸਿਉ ਰਾਤਾ, ਸੁੰਨ ਸਮਾਧਿ ਸਮਾਉਗੋ ॥੪॥੨॥

[ਰਾਮਕਲੀ ਨਾਮਦੇਵ ਜੀ, ਪੰਨਾ ੯੭੩

ਭਲੋ ਭਲੋ ਅਖਵਾਉਣ ਤੋਂ ਗੁਰੂ ਕੇ ਸਿਖ ਨੂੰ ਸਦਾ ਪਰਹੇਜ਼ ਕਰਨਾ ਬਣਦਾ ਹੈ, ਕਿਉਂਕਿ—

ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥੪॥੧੨।

ਅਤੇ— ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥
ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥੧੨॥ [ਪੰਨਾ ੨੭੯

ਨਵਾਬ ਕਪੂਰ ਸਿੰਘ ਦੀ ਇਤਿਹਾਸਕਾਰ ਜਦੋਂ ਇਹ ਸ਼ਰਤ ਪੜ੍ਹਦੇ ਹਨ ਕਿ ਸਿੰਘ ਸਾਹਿਬ ਨਵਾਬੀ ਇਸ ਸ਼ਰਤ ਤੇ ਪਰਵਾਨ ਕਰਨਗੇ ਜੇਕਰ ਉਨ੍ਹਾਂ ਨੂੰ ਸੰਗਤ ਨੂੰ ਪੱਖਾ ਝੱਲਣ ਦੀ ਸੇਵਾ ਅਤੇ ਘੋੜਿਆਂ ਦੀ ਲਿੱਦ ਚੁਕਣ ਦੀ ਸੇਵਾ ਤੋਂ ਨਾ ਹਟਾਇਆ ਜਾਏ ਤਾਂ ਗ਼ੈਰ-ਸਿਖ ਇਤਿਹਾਸਕਾਰ ਇਸ ਗੱਲ ਨੂੰ ਭਲੀ ਭਾਂਤ ਸਮਝਣ ਤੋਂ ਅਸਮਰਥ ਹੁੰਦੇ ਹਨ ਕਿ ਆਖ਼ਰ ਇਹ ਨਵਾਬ ਬਣ ਕੇ ਇਕ ਮਾਮੂਲੀ ਜਿਹੀ ਸੇਵਾ ਕਰਨ ਲਈ ਕਿਉਂ ਬਜ਼ਿਦ ਸੀ। ਉਨ੍ਹਾਂ ਨੂੰ ਇਹ ਸਮਝ ਨਹੀਂ ਆ ਸਕਦੀ ਕਿ ਗੁਰਮਤੀ ਕਦਰਾਂ ਸਿਖ ਨੂੰ ਐਸੀ ਦਿਸ਼ਾ ਵਲ ਸੇਧ ਦਿੰਦੀਆਂ ਹਨ ਕਿ ਉਹ ਹਉਮੈ ਰਹਿਤ ਹੋ ਕੇ ਵਿਚਰੇ। ਅੱਜ ਵੀ ਇਤਿਹਾਸਕਾਰਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਿੱਖ ਕੌਮ ਨੂੰ ਨਵਾਬ ਕਪੂਰ ਸਿੰਘ ਵਰਗਾ ਜਥੇਦਾਰ ਅੱਜ ਤਕ ਨਹੀਂ ਲੱਭਾ। ਅੱਜ ਦੇ ਜਥੇਦਾਰ ਜੇਕਰ ਉਪਰੋਕਤ ਸੇਧ ਵਿਚ ਵਿਚਰਨ ਦਾ ਜਤਨ ਕਰਨ ਤਾਂ ਕੋਈ ਕਾਰਨ ਨਹੀਂ ਕਿ ਕੌਮ ਨੂੰ ਸੁਘੜ ਆਗੂਆਂ ਦੀ ਘਾਟ ਪਰਤੀਤ ਹੋਵੇ।

ਭਗਤ ਰਵਿਦਾਸ ਜੀ ਇਸੇ ਹਉਮੈ ਦੀ ਗੱਲ ਨੂੰ ਇਕ ਹੋਰ ਢੰਗ ਨਾਲ ਇਉਂ ਦਰਸਾਂਦੇ ਹਨ—

ਹਮ ਬਡ ਕਬਿ, ਕੁਲੀਨ, ਹਮ ਪੰਡਿਤ, ਹਮ ਜੋਗੀ, ਸੰਨਿਆਸੀ ॥
ਗਿਆਨੀ, ਗੁਨੀ, ਸੂਰ, ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ ॥੨॥

[ਰਾਮਕਲੀ ਰਵਿਦਾਸ ਜੀ, ਪੰਨਾ ੯੭੪

ਅੱਜ ਅਸੀਂ ਗੁਰਮਤੀ ਕਦਰਾਂ ਤੋਂ ਬੇ-ਖ਼ਬਰ ਹੋਏ ਪਏ ਹਾਂ। ਸਤਿਗੁਰੂ ਸਾਹਿਬਾਨ ਨੇ ਤਾਂ ਗੁਰਮਤੀ ਸੇਧਾਂ ਦੇ ਅਨਮੋਲ ਮੋਤੀ ਗੁਰਬਾਣੀ ਰਾਹੀਂ ਸਾਨੂੰ ਬਖ਼ਸ਼ਿਸ਼ ਕੀਤੇ ਹਨ, ਪਰ ਲੋੜ ਹੈ ਇਹਨਾਂ ਮੋਤੀਆਂ ਨੂੰ ਚਮਕਾਉਣ ਦੀ ਤੇ ਆਪਣੇ ਗਲੇ ਦਾ ਸ਼ਿੰਗਾਰ ਬਣਾਉਣ ਦੀ।

ਹਮ ਨਹੀ ਚੰਗੇ, ਬੁਰਾ ਨਹੀ ਕੋਇ ॥
ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥ [ਸੂਹੀ ਮ: ੧, ਪੰਨਾ ੭੨੮

---

**ਪਾਠਕ ਜੀ—** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।



www.AKJ.Org

# ਸੀਤਲ ਚੰਦ ਤਲਵੰਡੀਓਂ ਆਣ ਚੜ੍ਹਿਆ

[ਸ: ਅਤਰ ਸਿੰਘ 'ਨੀਰ', 110, ਪੀਤਮਪੁਰਾ, ਦਿੱਲੀ 34]

ਸੀਆਂ ਬਰਕਤਾਂ ਸਾਵਣ ਦੀ ਝੜੀ ਵਾਂਗੂ, ਸੀਤਲ ਚੰਦ ਤਲਵੰਡੀਓਂ ਆਨ ਚੜ੍ਹਿਆ।
ਮਿਟੀ ਧੁੰਧ ਤੇ ਨਿਖਰੀ ਨੁਹਾਰ ਸੱਚ ਦਾ, ਐਸਾ ਕਾਲੂ ਦੇ ਵੇਹੜਿਓਂ ਭਾਨ ਚੜ੍ਹਿਆ।
ਚੜ੍ਹਿਆ ਸੜਿਆਂ ਨਸੀਬਾਂ ਤੇ ਰੂਪ ਨਵਾਂ, ਨਵਾਂ ਆਸ਼ਾ ਤੇ ਨਵਾਂ ਨਿਸ਼ਾਨ ਚੜ੍ਹਿਆ।
ਕਾਂਗ ਬਖਤਾਂ ਦੀ ਕੰਗਲਿਆਂ ਘਰੀਂ ਆਈ, ਸਾਗਰ ਰਹਿਮਤਾਂ ਦਾ ਮਿਹਰਬਾਨ ਚੜ੍ਹਿਆ।
ਆਈਆਂ ਦੌਲਤਾਂ, ਦੌਲਤਾਂ ਆਖਦੀ ਏ, ਉਠੋ ਜਾਗ ਪਏ ਤੁਸਾਂ ਦੇ ਭਾਗ ਲੋਕੋ।
ਸੁੰਞੀ ਦੁਨੀਆ ਲਈ ਆ ਗਈ ਜ਼ਿੰਦਗੀ ਏ, ਇਥੇ ਖਿੜਨਗੇ ਪਿਆਰ ਦੇ ਬਾਗ਼ ਲੋਕੋ।

ਉਹਦੇ ਪਿਆਰ ਨੇ ਪੱਥਰ ਵੀ ਮੋਮ ਕੀਤੇ, ਓਹਦੀ ਨਜ਼ਰ ਨੇ ਮੋਏ ਸੁਰਜੀਤ ਕੀਤੇ।
ਉਹਦੀ ਮੁਸਕਣੀ ਨੇ ਸੁੱਕੇ ਹਰੇ ਕੀਤੇ, ਤਪਦੇ ਅਗਨ ਕੜਾਹੇ ਵੀ ਸੀਤ ਕੀਤੇ।
ਉਹਦੇ ਦਰਸ ਨੇ ਚੋਰ ਵੀ ਸਾਧ ਕੀਤੇ, ਸਜਣ ਠੱਗ ਜਿਹੇ ਧਾੜਵੀ ਮੀਤ ਕੀਤੇ।
ਕੌੜੇ ਹੋਏ ਮਿਠੇ ਅੰਮ੍ਰਿਤ ਰਸ ਵਾਂਗੂ ਕੌਡੇ ਹੀਰਿਆਂ ਵਾਂਗ ਚੁਕ ਨਵਨੀਤ ਕੀਤੇ।
ਜਿਥੋਂ ਲੰਘਿਆ ਮਿਟੀ ਅਕਸੀਰ ਹੋ ਗਈ, ਜਨਮ ਜਨਮ ਦੇ ਸੜਿਆਂ ਤੇ ਬੂਰ ਆਇਆ।
ਮਿੱਠੇ ਆਸਾਂ ਉਮੈਦਾਂ ਨੂੰ ਫਲ ਲਗੇ, ਖ਼ਾਲੀ ਗਿਆ ਜੋ ਉਹ ਭਰਪੂਰ ਆਇਆ।

ਉਠੀ ਜਦੋਂ ਸਦਾਅ ਰਬਾਬ ਵਿਚੋਂ, ਬੀਆਬਾਨ ਝੂਮੇ ਗੁਲਿਸਤਾਨ ਝੂਮੇ।
ਸੁੱਕੇ ਜੰਡ ਕਰੀਰ ਵੀ ਮੌਲ ਉਠੇ, ਜ਼ਹਿਰਾਂ ਛੱਡ ਕੇ ਤੇ ਫਨੀਅਰ ਆਣ ਝੂਮੇ।
ਅੱਕਾਂ ਬਦਲ ਲੀਤੀ ਖ਼ਸਲਤ ਮਿਸਰੀ ਦੀ, ਕਿਕਰਾਂ ਕੰਡਿਆਂ ਤੋਂ ਮਿਠੇ ਪਕਵਾਨ ਝੂਮੇ।
ਚੱਕੀਆਂ ਆਪ-ਮੁਹਾਰੀਆਂ ਘੁੰਮਦੀਆਂ ਤਕ, ਵਿਚ ਜੇਲ੍ਹ ਆ ਬਾਬਰ ਸੁਲਤਾਨ ਝੂਮੇ।
ਹੈ ਸਾਂ ਭੁਲਿਆ ਸਮਝ ਨ ਸਕਿਆ ਮੈਂ, ਇਹ ਤਾਂ ਅਰਸ਼ ਤੋਂ ਆਪ ਰਹੀਮ ਆਇਆ।
ਭੁਲੇ ਭਟਕਿਆਂ ਨੂੰ ਰਾਹੇ ਪਾਵਣੇ ਲਈ, ਰਹਿਬਰ ਸੱਚ ਦਾ ਨਾਨਕ ਕਰੀਮ ਆਇਆ।

ਸਾਂਝੀਵਾਲਤਾ ਦਾ ਸੱਚਾ ਮਿਸ਼ਨ ਉਹਦਾ, ਸਾਂਝ ਓਸਦੀ ਸਾਰਿਆਂ ਨਾਲ ਹੈਸੀ।
ਉਹਦੇ ਕੋਲ ਨ ਵਿਤਕਰਾ ਜ਼ਾਤ ਦਾ ਸੀ, ਊਚ ਨੀਚ ਦਾ ਨ ਸਵਾਲ ਹੈਸੀ।
ਹਿੰਦੂ ਮੁਸਲਿਮ ਸਨ ਉਸਦੀ ਅੱਖ ਦੋਵੇਂ, ਇਸ਼ਕ ਉਸਦਾ ਇਕ ਅਕਾਲ ਹੈਸੀ।
ਜ਼ੁਲਮ ਅਗੇ ਮਜ਼ਬੂਤ ਚਟਾਨ ਸੀ ਉਹ, ਬਣਿਆ ਸਦਾ ਮਜ਼ਲੂਮ ਲਈ ਢਾਲ ਹੈਸੀ।
ਦੇ ਕੇ ਰੌਸ਼ਨੀ ਭਗਤੀ ਤੇ ਧਰਮ ਵਾਲੀ, ਕੀਤਾ ਦੂਰ ਹਨੇਰਾ ਜ਼ਮਾਨਿਆਂ ਦਾ।
ਪਿਆਈ ਇਸ ਤਰ੍ਹਾਂ ਖੋਲ੍ਹ ਕੇ ਨਾਮ-ਰੰਗੀ, ਗਲਾ-ਖੁੱਲ੍ਹਿਆ ਗੁੰਗਿਆਂ ਬੇ-ਜ਼ਬਾਨਿਆਂ ਦਾ।

ਪੰਧ ਪਾਂਧੇ ਨੂੰ ਸੱਚ ਦਾ ਦਸ ਕਿਧਰੇ, ਭਰਮ ਕਟਦਾ ਪਿਆ ਅਨਭੋਲ ਦਾ ਏ।
ਭੁਖੇ ਵੇਖ ਕੇ ਰਹਿ ਨ ਸਕਿਆ ਏ, ਖਰੇ ਸੌਦੇ ਦੇ ਭੇਦ ਨੂੰ ਖੋਲ੍ਹਦਾ ਏ।
ਬਣ ਕੇ ਚਾਕ ਕਿਧਰੇ ਮਝੀਆਂ ਚਾਰਦਾ ਏ, ਮੋਦੀ-ਖ਼ਾਨਿਆਂ ਚਿ ਕਿਧਰੇ ਤੋਲਦਾ ਏ।
ਲਹੂ ਪੂਰੀਆਂ ਚੋਂ ਕਿਧਰੇ ਕਢਦਾ ਏ, ਦੁੱਧ ਕੋਧਰੇ ਚੋਂ ਕਿਧਰੇ ਡੋਲ੍ਹਦਾ ਏ।
ਪੰਜਾ ਲਾ ਪਹਾੜਾਂ ਚੋਂ ਨਿਮਰਤਾ ਕਢ, ਮਾਣ ਤੋੜਿਆ ਵਲੀ ਕੰਧਾਰ ਦਾ ਏ।
ਸੱਜਦਾ ਅੱਜ ਵੀ ਹੈ ਪਾਕਿਸਤਾਨ ਕਰਦਾ, ਚਮਤਕਾਰ ਇਹ ਨਾਨਕ ਨਿਰੰਕਾਰ ਦਾ ਏ।

ਵੱਟ ਮੁੱਲਾਂ ਦੀ ਵਾਟ ਦੇ ਹੋਏ ਸਿਧੇ, ਅਲਫ਼ ਅਲ੍ਹਾ ਦਾ ਜਦੋਂ ਫ਼ੁਰਮਾਨ ਕੀਤਾ।
ਕਿਰਤ ਸੱਚ ਦੀ, ਗਰੀਬ ਲਈ ਦਰਦ ਦਿਲ ਚਿ, ਸਦਾ ਰਖਣਾ ਧਿਆਨ ਭਗਵਾਨ ਕੀਤਾ।



www.AKJ.Org

ਲਾਲੋ ਲਾਲ ਕੀਤੇ ਲਾ ਕੇ ਗਲੇ ਆਪਣੇ, ਸੜੇ ਮਨੂਰ ਨੂੰ ਕੰਚਨ ਸਮਾਨ ਕੀਤਾ।
ਮੂੰਹ ਪਰਨੇ ਪਾਖੰਡ ਪਟਕ ਪਿਆ, ਖੜਾਵਾਂ ਉਹਦੀਆਂ ਜਦੋਂ ਉੜਾਨ ਕੀਤਾ।
ਪਰਗਟਿਆ ਖਾੜ ਪਹਾੜੀ ਪੇਟ ਪੰਜਾ, ਪੈਲਾਂ ਪਾਂਵਦਾ 'ਨੀਰ' ਪਿਆਰ ਆਇਆ।
ਹਉਮੈ ਹੰਗਤਾ ਹੰਭ ਹਲੀਮ ਹੋਈਆਂ, ਹਾਰ ਹੁਟ ਕੇ ਹਲਦਾ ਹੰਕਾਰ ਆਇਆ।

ਤਿੰਨ ਕਵਿਤਾਵਾਂ—ਗਿ: ਗੋਪਾਲ ਸਿੰਘ ਜੀ 'ਮਿੱਤਰ', 340/4 ਰਾਮ ਨਗਰ, ਗੁੜਗਾਉਂ

# ਮੱਝੀਆਂ ਦਾ ਛੇੜੂ

ਬਾਬੇ 'ਕਾਲੂ' ਨੇ ਦਿਲ ਵਿਚ ਦਲੀਲ ਕਰ ਕੇ, ਇਕ ਦਿਨ ਸਦਿਆ ਨਾਲ ਪਿਆਰ ਨਾਨਕ।
ਮੱਥਾ ਚੁੰਮ ਬਿਠਾਇਆ ਗੋਦ ਅੰਦਰ, ਲਾਡਾਂ ਪਾਲਿਆ ਬਰਖ਼ੁਰਦਾਰ ਨਾਨਕ।
ਕਹਿੰਦਾ, ਪੁਤਰਾ ਜੀਵੇਂ ਜੁਆਨ ਕਾਕਾ, ਵੱਡੀ ਉਮਰ ਹੋਵੀ ਹੋਣਹਾਰ ਨਾਨਕ।
ਕੰਮ ਕਾਰ ਹੁਣ ਘਰ ਦਾ ਸੰਭਾਲ ਚੰਨਾ, ਕੁਝ ਤੇ ਹੋਏ ਹੌਲਾ ਮੇਰਾ ਭਾਰ ਨਾਨਕ।
ਘਾਹ ਲਿਆਣ ਵੇਲੇ, ਪੱਠੇ ਪਾਣ ਵੇਲੇ, ਕਦੀ ਮੇਰਾ ਵੀ ਹੱਥ ਵਟਾਇਆ ਕਰ।
ਚੰਗੀ ਗੱਲ ਤੇ ਹੈ ਆਪ ਮੱਝੀਆਂ ਨੂੰ, ਬਾਹਰ ਛੇੜੂਆਂ ਨਾਲ ਲਿਜਾਇਆ ਕਰ।੧।
ਲੌ ਜੀ, ਨਿਤ ਹੀ ਨਾਨਕ ਦਾ ਨੇਮ ਬਣਿਆ, ਰੱਸੇ ਖੋਲ੍ਹ ਕੇ ਬਾਹਰ ਲਿਜਾਏ ਮੱਝਾਂ।
ਖੂੰਡੀ ਹੱਥ ਵਿਚ ਮੋਢੇ ਤੇ ਖੇਸ ਧਰ ਕੇ, ਫਿਰੇ ਜੰਗਲਾਂ ਵਿਚ ਚਰਾਏ ਮੱਝਾਂ।
ਵਾਗੀ ਸਾਰੇ ਹੀ ਮੱਝਾਂ ਦੇ ਮਗਰ ਟੁਰਦੇ, ਇਹ ਤੇ ਟੁਰੇ ਅੱਗੇ ਮਗਰ ਲਾਏ ਮੱਝਾਂ।
ਜਿਧਰ ਤੁਰੇ ਮੱਝਾਂ ਮਗਰ ਦੌੜਨ, ਵਾਲੀ ਜੱਗ ਦਾ ਪਿਆ ਕੁਦਾਏ ਮੱਝਾਂ।
ਕੁੰਢੀਆਂ, ਬੂਰੀਆਂ, ਕਾਲੀਆਂ ਚੱਪੀਆਂ ਸਭ, ਜੇਹੀਆਂ ਪ੍ਰੇਮ ਦੀ ਤਾਰ ਵਿਚ ਬੱਝੀਆਂ ਨੇ।
ਨੱਚਣ ਪੁਤਲੀਆਂ ਵਾਂਗ ਇਸ਼ਾਰਿਆਂ ਤੇ, ਕੌਣ ਆਖ ਸਕਦੈ ਕਿ ਇਹ ਮੱਝੀਆਂ ਨੇ।੨।
ਕਾਈ ਹੱਥ ਚੱਟੇ, ਸੁੰਘੇ ਕਾਈ ਲੀੜੇ, ਸਿੰਙਾਂ ਨਾਲ ਛੋਹ ਕੇ ਲੰਘਦੀ ਜਾਏ ਕਾਈ।
ਬੂਥਾ ਚੁੱਕ ਕੇ ਲਾਡ ਪਿਆਰ ਮੰਗੇ, ਨੇੜੇ ਆ ਕੇ ਪੂਛ ਹਿਲਾਏ ਕਾਈ।
ਨਸਦੀ ਭੱਜਦੀ ਤੇ ਦਗੜ ਦਗੜ ਕਰਦੀ, ਕਿਸੇ ਪਾਸਿਓਂ ਆ ਟੱਕਰ ਲਾਏ ਕਾਈ।
ਵਿਛੜੀ ਰੂਹ ਕੋਈ ਜਨਮ ਜਨਮਾਂਤਰਾਂ ਦੀ, ਆ ਕੇ ਚਰਨਾਂ ਤੇ ਸੀਸ ਨਿਵਾਏ ਕਾਈ।
ਮੱਝਾਂ ਨਹੀਂ ਇਹ ਰੂਹਾਂ ਨੇ ਭਾਗ ਭਰੀਆਂ, 'ਨਾਨਕ' ਨਹੀਂ ਇਹ 'ਕਰਤਾਰ' ਪਿਆ ਚਾਰਦਾ ਏ।
ਜਨਮ ਜਨਮ ਦੀਆਂ ਵਿਛੜੀਆਂ ਆਤਮਾਆਂ ਨੂੰ, ਇਹ ਇਸੇ ਬਹਾਨੇ ਪਿਆ ਤਾਰਦਾ ਏ।੩।
ਮੱਝਾਂ ਚਰਦੀਆਂ ਖੇਤ ਵਿਚ ਛੋੜ ਕੇ ਤੇ, ਚੜ੍ਹਿਆ ਨੀਂਦ ਦਾ ਇਕ ਦਿਨ ਖ਼ੁਮਾਰ ਇਹਨੂੰ।
ਰਿਹਾ ਖੇਤ ਦੇ ਵਿਚ ਨਾ ਕੱਖ ਭਾਵੇਂ, ਕੱਖ ਨਹੀਂ ਸੀ ਪਰਵਾਹ ਸਰਕਾਰ ਇਹਨੂੰ।
ਜਾ ਕੇ ਜੱਟ ਨੇ ਦਾਦ ਫ਼ਰਿਆਦ ਕੀਤੀ, ਪੁਛਿਆ ਸੱਦ ਕੇ 'ਰਾਏ ਬੁਲਾਰ' ਇਹਨੂੰ।
ਅੱਖ ਫੋਰ ਵਿਚ ਖੇਤ ਨੂੰ ਹਰਾ ਕੀਤਾ, ਜੱਟ ਕਰੇ ਬੰਦਨ ਬਾਰੋਬਾਰ ਇਹਨੂੰ।
ਮਹੀਆਂ ਚਾਰਦਾ ਚਾਰਦਾ ਆਣ ਵੇਖੋ, ਵਣ ਹੇਠ ਅਨੋਖੜਾ ਚਾਕ ਸੁੱਤਾ।
ਚਾਕ ਨਹੀਂ ਏਹ 'ਤ੍ਰਿਪਤਾਂ' ਦਾ ਚਾਨਣਾ ਏ, ਨਾਨਕ ਨਾਹੀਂ, ਆ ਕੇ ਅੱਲਾ ਪਾਕ ਸੁੱਤਾ।੪।
ਰੱਬੀ ਨੂਰ ਦੇ ਜਲਵੇ ਨੂੰ ਵੇਖ ਸੂਰਜ, ਮਨ ਹੀ ਮਨ ਦੇ ਵਿਚ ਸ਼ਰਮਾਣ ਲੱਗਾ।
ਧੱਕਾ ਮਾਰ ਪਰਛਾਵੇਂ ਨੂੰ ਪਰੇ ਕੀਤਾ, ਨੈਣ ਖੋਲ੍ਹ ਖੁਲ੍ਹੇ ਦਰਸ਼ਨ ਪਾਣ ਲੱਗਾ।



www.AKJ.Org

'ਸ਼ੇਸ਼-ਨਾਗ' ਨਾ ਵੇਖ ਕੇ ਸਹਿ ਸਕਿਆ, ਸੀਨੇ ਵਿਚ ਅੱਣੀਆਲੜਾ ਬਾਣ ਲੱਗਾ।
ਆਇਆ, ਫਨ ਖਿਲਾਰ ਕੇ ਕਰੀ ਛਾਇਆ, ਸੂਰਜ ਦੇਵ ਨੂੰ ਸੌ ਸੌ ਸੁਨਾਣ ਲੱਗਾ।
ਵੇਖ ਰਾਏ ਬੁਲਾਰ ਅਸਚਰਜ ਹੋਇਆ, ਕਹਿੰਦਾ ਰੱਬ ਆ ਕੇ ਮਹੀਆਂ ਚਾਰਦਾ ਏ।
ਨਹੀਂ ਨਹੀਂ ਇਹ ਨਾਲ ਬਹਾਨਿਆਂ ਦੇ, ਫਿਰਦਾ ਪਾਪੀਆਂ ਦੇ ਬੇੜੇ ਤਾਰਦਾ ਏ।
ਲੌ ਜੀ ! ਕੁਦਰਤ ਦਾ ਰਾਂਝਣਾ ਉੱਠਿਆ ਏ, ਮਹੀਆਂ ਪਾਏ ਕੁਦਾੜ ਔਹ ਆਈਆਂ ਨੇ।
ਚਰਨਾ ਚੁਗਣਾ ਭੁੱਲਿਆ ਘਾਹ ਛੱਡੇ, ਦੂਰੋਂ ਨਾਸਾਂ ਭੁਣਕਾਂਦੀਆਂ ਧਾਈਆਂ ਨੇ।
ਭਰੇ ਹੋਏ ਹਵਾਨੇ ਅੜਾਂਦੀਆਂ ਨੇ, ਵਾਜਾਂ ਮਾਰ ਜਿਉਂ ਕਿਸੇ ਬੁਲਾਈਆਂ ਨੇ।
ਖੜੀਆਂ 'ਨਾਨਕ' ਉਦਾਲੇ ਆ ਮਸਤ ਹੋ ਕੇ, ਜਿਵੇਂ ਕਿੱਲਿਆਂ ਤੇ ਬਧੀਆਂ ਸਾਈਆਂ ਨੇ।
ਰਾਖਾ ਮੱਝਾਂ ਦਾ ਨਿਕਲਿਆ ਰੱਖ ਵਿਚੋਂ, ਤੁਰ ਪਿਆ ਏ ਸੋਹਣੀ ਰਫ਼ਤਾਰ ਅੰਦਰ।
ਭੱਜ ਨੱਠੀਆਂ ਬਲ੍ਹੀਆਂ ਬਰੜੀਆਂ ਸਭ, ਧੌਣਾਂ ਸੁੱਟ ਕੇ ਕਿਸੇ ਹੁਲਾਰ ਅੰਦਰ।੬।
ਰੱਬ ਮੂਸੇ ਦਾ ਤੂਰ ਤੋਂ ਉਤਰ ਆਇਐ, ਰਿਸ਼ਮਾਂ ਸੁੱਟਦਾ ਜਾਂਦਾ ਏ ਨੂਰ ਦੀਆਂ।
ਮੱਝਾਂ ਦਿਸਦੀਆਂ ਉਸ ਦੇ ਮਗਰ ਏਦਾਂ, ਜਿਵੇਂ ਚੋਟੀਆਂ ਹੋਣ ਕੋਹ-ਤੂਰ ਦੀਆਂ।
ਚਮਕਣ ਅੱਖੀਆਂ ਵਾਂਗ ਮਮੋਲੜੇ ਦੇ, ਭਰੀਆਂ ਦਿਸਦੀਆਂ ਕਿਸੇ ਸਰੂਰ ਦੀਆਂ।
ਵੇਖ ਵੇਖ ਕੇ ਮੁਖੜਾ ਭੁਖ ਲਹਿੰਦੀ, ਸਿਫ਼ਤਾਂ ਕਿਹੜੀਆਂ ਕਰਾਂ ਹਜ਼ੂਰ ਦੀਆਂ।
ਚੰਨ 'ਕਾਲੂ' ਦਾ 'ਤ੍ਰਿਪਤਾਂ' ਦਾ ਲਾਡਲਾ ਇਹ; ਛੇੜੂ ਮਹੀਆਂ ਦਾ ਰੱਬੀ ਤਸਵੀਰ ਹੈ ਇਹ।
ਡੁਬਦੇ ਬੇੜਿਆਂ ਨੂੰ ਬੰਨੇ ਲਾਣ ਵਾਲਾ, 'ਮਿੱਤਰ' ਨਾਨਕੀ ਦਾ ਨਾਨਕ ਵੀਰ ਹੈ ਇਹ।੭।

## ਗੁਰੂ ਨਾਨਕ ਆਗਮਨ

ਗੁਰੂ ਨਾਨਕ ਪ੍ਰਕਾਸ਼ ਦਿਹਾੜਾ ਆਇਆ ਭਾਗਾਂ ਭਰਿਆ।
ਜੋ ਦੀਦਾਰ ਕਰੇਗਾ, ਸਮਝੋ ਭਵ ਸਾਗਰ ਤੋਂ ਤਰਿਆ।
ਇਕ ਵਾਰੀ ਵੀ ਆ ਕੇ ਜਿਸਨੇ ਚਰਨਾਂ ਤੇ ਸਿਰ ਧਰਿਆ।
ਡੁਬਦਾ ਹੋਇਆ ਬੇੜਾ ਉਹਦਾ ਪਲ ਵਿਚ ਪਾਰ ਉਤਰਿਆ।
ਦੁਨੀਆ ਅੰਦਰ ਬਣ ਦੀਪਕ, ਜਿਨ ਆਣ ਉਜਾਲਾ ਕਰਿਆ।
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।
ਖੇਵਟ ਬਣ ਕੇ ਜਿਸ ਪ੍ਰੀਤਮ ਨੇ ਲੱਖਾਂ ਪਾਪੀ ਤਾਰੇ।
ਜੋਗੀ ਤਾਰੇ, ਭੋਗੀ ਤਾਰੇ, ਕੌਟਕ ਅਉਗਣ-ਹਾਰੇ।
ਕਿਤਨੇ ਲਿਖਾਂ ? ਕਿਵੇਂ ਗਿਣਾਂ ਮੈਂ ? ਜਿਤਨੇ ਪਾਰ ਉਤਾਰੇ।
ਇਤਨੇ ਤਾਰੇ, ਕਿਤਨੇ ? ਜਿਤਨੇ ਵਿਚ ਗਗਨ ਨਹੀਂ ਤਾਰੇ।
ਜਿਸ ਜਿਸ ਨੇ ਵੀ ਦਰਸ਼ਨ ਕੀਤਾ ਤਨ ਮਨ ਉਸਦਾ ਠਰਿਆ।
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।
'ਸੱਜਣ' ਵਰਗੇ ਠਗ ਵੀ ਤਾਰੇ 'ਕੌਡੇ' ਜਹੇ ਕਸਾਈ।
ਚੋਰ ਉਧਾਰੇ 'ਭੂਮੀਏ' ਵਰਗੇ, ਤਾਰਿਆ 'ਲਾਲੋ' ਭਾਈ।
'ਰਾਏ ਬੁਲਾਰ' ਦੇ ਸੀਨੇ ਅੰਦਰ ਖਿੱਚ ਅਜਿਹੀ ਪਾਈ,
ਨਿਸ ਦਿਨ ਗਾਵੇ 'ਧੰਨ ਗੁਰੂ ਨਾਨਕ' ਐਸੀ ਮਸਤੀ ਛਾਈ।



www.AKJ.Org

ਜੱਟ ਤਾਰਿਆ ਖੇਤ ਚਾਰ ਕੇ, ਕੀਤਾ ਹਰਿਆ ਭਰਿਆ।
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।
'ਸਤਿਨਾਮ' ਦਾ ਚਕਰ ਫਿਰਾਇਆ ਚਾਰ ਕੂੰਟ ਵਿਚ ਜਾ ਕੇ।
ਪਾਖੰਡਾਂ ਦਾ ਜਾਲ ਤੋੜਿਆ ਜਗ ਦਾ ਚੱਕਰ ਲਾ ਕੇ।
ਮੱਕੇ ਅੰਦਰ ਚਰਨ ਪੁਜਾਏ ਗੜ੍ਹ ਬਗਦਾਦ ਨਿਵਾ ਕੇ।
ਉਕਰੇ ਗਏ ਕਣ ਕਣ ਤੇ 'ਨਾਨਕ' ਚਰਨ ਕੰਵਲ ਦੇ ਖ਼ਾਕੇ।
ਨਿਰੰਕਾਰ ਦੇ ਨਾਂ ਦਾ ਦੀਵਾ ਚੌਰਾਹੇ ਤੇ ਧਰਿਆ।
"ਨਾਨਕ ਨਾਮੁ ਮਿਲੇ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।
ਰਹਿੰਦੀ ਨੂਰੀ ਨੈਣਾਂ ਅੰਦਰ ਹਰ ਦਮ ਮਸਤੀ ਛਾਈ।
'ਬਾਬਰ' ਜਿਹੇ ਜਾਬਰ ਵੀ ਚਰਨੀਂ ਲੱਗੇ ਹੋ ਸ਼ੈਦਾਈ।
ਹਿੰਦੂ ਮੁਸਲਿਮ ਸਭ ਦਾ ਸਾਂਝਾ ਆਇਆ ਨੂਰ-ਇਲਾਹੀ।
ਸਿੱਖੀ ਦਾ ਗੁਲਜ਼ਾਰ ਖਿੜਾਇਆ ਸੋਹਣੀ ਵਾੜੀ ਲਾਈ।
"ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ।"
"ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ।"

# ਕੀ ਹੋਵੇਗਾ ? ਹਰ ਪਾਸੇ ਹੈ ਮਚੀ ਦੁਹਾਈ

ਪਾਈ ਅੱਜ ਦੇ ਆਗੂਆਂ ਫੁਟ ਨਾਲ ਭਿਆਲੀ। ਬਖ਼ਸ਼ੇਗਾ ਨਾ ਸਮਾਂ,(ਜੇ) ਦਸ਼ਾ ਨਾ ਗਈ ਸੰਭਾਲੀ।
ਇਕ ਪਿਤਾ ਦੇ ਪੁੱਤ ਬਣ ਆਪਸ ਵਿਚ ਲੜਦੇ। ਕੁਰਸੀਆਂ ਅੱਤੇ ਪਦਵੀਆਂ ਲਈ ਪਏ ਝਗੜਦੇ।
ਵੱਖੋ ਵਖਰੇ ਦਲਾਂ ਨੇ ਕਰ ਫੀਤਾ ਫੀਤਾ। ਪਾੜਿਆ ਚੋਲਾ ਏਕਤਾ ਦਾ ਵਡਿਆਂ ਸੀਤਾ।
ਕੀ ਹੋਵੇਗਾ ? ਹਰ ਪਾਸੇ ਹੈ ਮਚੀ ਦੁਹਾਈ। ਫੁਟ ਚੰਦਰੀ ਨੇ ਆ ਕੇ ਹੈ ਫੇਟਕ ਪਾਈ।
ਅਕਲਾਂ ਵਾਲੇ ਚੁੱਪ ਹਨ ਧਾਰੀ ਖ਼ਾਮੋਸ਼ੀ। ਅੰਦਰੋ ਅੰਦਰ ਝੂਰਦੀ ਹੋ ਰਹੀ ਨਮੋਸ਼ੀ।
ਕਿੱਥੋਂ ਆਏ 'ਬਘੇਲ ਸਿੰਘ' 'ਜੱਸਾ' ਮਰਦਾਨਾ। ਮੇਲੇ ਬਿਖਰਿਆ ਕੌਮ ਦਾ ਇਹ ਤਾਨਾ ਬਾਨਾ।
ਏਸੇ ਲਈ ਅਜ ਕੌਮ ਹੈ ਕਖਾਂ ਵਿਚ ਰੁਲਦੀ। ਤਵਾਰੀਖ਼ ਹੈ ਬਾਬਿਆਂ ਦੀ ਮਨ ਤੋਂ ਭੁਲਦੀ।
ਕਦੀ ਕੌਮ ਪ੍ਰਸਿਧ ਸੀ ਸੰਸਾਰ ਦੇ ਅੰਦਰ। ਪਤ ਡੁੱਬੀ ਅਜ ਏਸ ਦੀ ਮੰਝਧਾਰ ਦੇ ਅੰਦਰ।
ਬਣੀਆਂ ਵਖ ਵਖ ਢਾਣੀਆਂ ਨੇ ਵੈਰ ਸਹੇੜੇ। ਸਾਰੇ ਹਨ ਮਰਾਤਬਿਆਂ ਦੇ ਝਗੜੇ ਝੇੜੇ।
ਕੱਢਣ ਦਿਲ ਚੋਂ ਵੈਰ ਭਾਵ ਆਵੇ ਖੁਸ਼ਹਾਲੀ। ਬੁਝ ਜਾਵੇਗੀ, ਵੈਰੀਆਂ ਨੇ ਜੋ ਅੱਗ ਬਾਲੀ।
ਵੈਰੀ ਦੂਹਰੇ ਹੋ ਰਹੇ ਤਕ ਤਕ ਕੇ ਹਸਦੇ। ਸਾਨੂੰ ਲੜਦਿਆਂ ਵੇਖ ਕੇ ਅਵਾਜ਼ੇ ਕਸਦੇ।
ਕਈ ਹਰਭਗਤ ਨਿਰੰਜਨੀਏ ਅਜ ਬਣ ਕੇ ਆਰੀ। ਕੱਟੀ ਜਾਂਦੇ ਕੌਮ ਦੀ ਖਿੜੀ ਕਿਆਰੀ।
ਫੁੱਟ ਚੰਦਰੀ ਆਣ ਕੇ ਜਿੱਥੇ ਵੀ ਬਹਿ ਗਈ। ਆਣ ਅਣਖ ਤੇ ਪਾਣ ਪਤ ਸਭ ਲੁਟ ਕੇ ਲੈ ਗਈ।
ਉਠੋ ਸਿਆਣੇ ਦਰਦੀਓ ! ਇਹ ਡਾਇਣ ਕੱਢੋ। ਕਰ ਕੇ ਕੋਈ ਹੀਲੜਾ ਜੜ੍ਹ ਇਸ ਦੀ ਵੱਢੋ।
ਰਚੋ ਅਜਿਹੀ ਵਿਉਂਤੜੀ ਮੁੜ ਆਣ ਬਹਾਰਾਂ। ਵੀਰ ਪਾਣ ਗਲਵਕੜੀਆਂ ਬਹਿ ਕਰਨ ਵਿਚਾਰਾਂ।
ਮੁੜ ਕੇ ਕੌਮੀ ਪਿਆਰ ਦੀ ਇਕ ਸ਼ਮ੍ਹਾ ਜਗਾਵਨ। 'ਮਿੱਤਰ' ਦੋ ਹਥ ਜੋੜ ਰੁੱਠੇ ਹੋਈ ਵੀਰ ਮਨਾਵਨ।
ਸ਼ਾਨ ਕੌਮ ਦੀ ਦੇਸ਼ ਵਿਚ ਫਿਰ ਚਮਕਾਂ ਮਾਰੇ। 'ਬੋਲੇ ਸੋ ਨਿਹਾਲ' ਦੇ ਗੱਜਣ ਜੈਕਾਰੇ।


www.AKJ.Org

# ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਪ੍ਰਭਾਵ

[ ਡਾਕਟਰ ਤਾਰਨ ਸਿੰਘ ਜੀ ]

ਪਿਤਾ ਗੁਰੂ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ) ਜੀ ਨੇ ਤਿਲਕ-ਜੰਞੂ ਲਈ ਆਪਣਾ ਬਲੀਦਾਨ ਦੇ ਕੇ ਜਿਹੜੀ ਸਿਖਿਆ ਦਿਤੀ, ਉਸ ਦਾ ਜੋ ਡੂੰਘਾ ਪ੍ਰਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਤੇ ਸਦਾ ਰਹਿਆ ਹੈ, ਉਸ ਦਾ ਪਤਾ ਆਪ ਦੇ ਇਹਨਾਂ ਬਚਨਾਂ ਵਿਚੋਂ ਹੀ ਲਗ ਰਹਿਆ ਹੈ :—

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ ॥੧੩॥
ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥
*ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਦੋਹਰਾ— ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ॥੧੫॥
ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥੧੬॥ ਬਚਿਤ੍ਰ ਨਾਟਕ, ਅਧਿਆਇ ੫

ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਬਚਨ ਹਨ। ਸ੍ਰੀ ਗੁਰੂ ਜੀ ਦੇ ਇਹ ਬਚਨ ਪੰਜ ਅੰਗ ਰਖਦੇ ਹਨ—

(੧) ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਰਗੀ ਘਟਨਾ ਹੋਰ ਨਹੀਂ ਹੋਈ—'ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ'।

(੨) ਇਹ ਕ੍ਰਿਆ ਨਾਟਕ ਚੇਟਕ ਨਹੀਂ ਸੀ, ਕਿਉਂਕਿ 'ਨਾਟਕ ਚੇਟਕ ਕੀਏ ਕੁਕਾਜਾ, ਪ੍ਰਭ ਲੋਗਨ ਕਹ ਆਵਤ ਲਾਜਾ'। ਇਹ ਤੇ ਮਹਾਨ ਪਰਤੱਖ ਇਤਿਹਾਸਕ ਘਟਨਾ ਸੀ, ਜਿਸ ਦਾ ਫਲ-ਸਰੂਪ ਇਨਕਲਾਬ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਾਕਾ ਵਰਤਾਇਆ, ਉਹ ਭਾਰਤੀ 'ਧਰਮ ਹੇਤ' ਸੀ ਅਤੇ ਸੰਸਾਰ ਦੇ 'ਸਾਧਨਿ ਹੇਤ' ਸੀ। 'ਧਰਮ ਹੇਤ ਸਾਕਾ ਜਿਨਿ ਕੀਆ' ਅਤੇ 'ਸਾਧਨਿ ਹੇਤ ਇਤੀ ਜਿਨਿ ਕਰੀ'। ਇਹ ਭਾਰਤੀ ਧਰਮ, ਸਵੈ-ਰੱਖਿਆ ਤੇ ਮਾਣ ਦੀ ਰੱਖਿਆ ਲਈ ਦਿਤੀ ਗਈ ਸ਼ਹਾਦਤ ਸੀ।

(੪) ਇਹ ਸਾਕਾ ਅਕਾਲ ਪੁਰਖ ਦੀ ਆਪਣੀ ਸਕੀਮ (ਵਿਉਂਤ) ਅਨੁਸਾਰ ਹੋਇਆ, ਜਿਸ ਦੁਆਰਾ ਉਸ ਨੇ 'ਤਿਲਕ ਜੰਞੂ ਰਾਖਾ ਪ੍ਰਭ ਤਾ ਕਾ' ਨੇ ਹਿੰਦੂ ਧਰਮ ਦੀ ਰੱਖਿਆ ਕੀਤੀ।

(੫) ਇਸ ਸਾਕੇ ਨੇ ਸਾਰੇ ਭਾਰਤ-ਵਰਸ਼ ਨੂੰ ਮੁਗਲ ਸਾਮਰਾਜ ਦੇ ਵਿਰੁਧ ਕੰਬਾ ਦਿਤਾ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਬਦੇਸ਼ੀ ਗ਼ੁਲਾਮੀ ਤੋਂ ਸੁਤੰਤਰ ਹੋਣ ਦੀ ਪ੍ਰੇਰਨਾ ਦਿਤੀ।

ਇਹ ਸ਼ਹਾਦਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਹਾਨ ਇਸੇ ਲਈ ਕਹੀ ਹੈ ਕਿ ਆਪ ਨੇ ਖਾਲਸੇ ਨੂੰ ਜੋ ਉਦੇਸ਼ ਦਿਤਾ, ਉਸ ਦਾ ਸਾਖਿਆਤ ਰੂਪ ਅਤੇ ਉਸ ਰੂਪ ਦਾ ਸਿਖਰ ਇਹੋ ਸ਼ਹਾਦਤ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਸਾਹਮਣੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਾਲਾ ਉਦੇਸ਼ ਰਖਿਆ ਕਿ ਆਪਣੇ ਧਰਮ, ਦੇਸ਼, ਸਭਿਆਚਾਰ ਲਈ ਅਨੇਕ ਸ਼ਹੀਦ ਹੋਏ ਹਨ ਅਤੇ ਹੋਣਗੇ, ਪਰ ਖਾਲਸਾ ਉਨ੍ਹਾਂ ਧਰਮਾਂ, ਦੇਸ਼ਾਂ, ਸਭਿਆਚਾਰਾਂ, ਵਿਚਾਰਾਂ ਲਈ ਵੀ

* ਕਰਾਮਾਤੀ ਸ਼ਕਤੀਆਂ ਵਿਖਾਉਣੀਆਂ।



www.AKJ.Org

# ਗੁਰੂ ਤੇਗ ਬਹਾਦਰ ਜੀ—ਸ਼ਹੀਦੀ ਸਾਕਾ

[ਡਾਕਟਰ ਜੀ. ਐਸ. ਆਨੰਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ]

ਬਹੁਮੁੱਖੀ ਪ੍ਰਤਿਭਾ ਦੇ ਸੁਆਮੀ ਗੁਰੂ ਤੇਗ ਬਹਾਦਰ ਜੀ (੧੬੨੧-੧੬੭੫ ਈ:) ਸਿੱਖ ਧਰਮ ਦੇ ਨੌਵੇਂ ਗੁਰੂ ਹੋਏ ਹਨ । ਗੁਰੂ ਜੀ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ ਇਕ ਨਵਾਂ ਵਾਯੂ-ਮੰਡਲ ਕਾਇਮ ਕਰਨ ਵਿਚ, ਇਕ ਨਵਾਂ ਆਦਰਸ਼ ਸਾਹਮਣੇ ਲਿਆਉਣ ਵਿਚ, ਇਕ ਨਵੀਂ ਜੀਵਨ-ਜਾਚ ਸਿਖਾਉਣ ਵਿਚ ਪਹਿਲ ਕੀਤੀ। ਭਾਰਤ ਦੇ ਦਰਸ਼ਨ-ਸ਼ਾਸਤਰਾਂ ਵਿਚ ਦੁੱਖਾਂ, ਕਲੇਸ਼ਾਂ ਅਤੇ ਰੋਗਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਬੜੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ । ਪਰ ਅਨਿਆਂ ਅਤੇ ਅਤਿਆਚਾਰ ਨਾਲ ਟੱਕਰ ਲੈਣ ਲਈ, ਧਰਮ ਦੀ ਰੱਖਿਆ ਲਈ, ਪਰਾਈ ਪੀੜਾ ਨੂੰ ਹਰਨ ਲਈ ਬਹੁਤ ਘੱਟ ਉਪਦੇਸ਼ ਉਪਲਬਧ ਹਨ । ਗੁਰੂ ਤੇਗ ਬਹਾਦਰ ਜੀ ਨੇ ਕਈ ਸਾਲ ਤੱਪ ਕੀਤਾ । ਤਪੱਸਿਆ ਦੇ ਨਿਸ਼ਚਲ ਆਸਣ ਤੇ ਬਿਰਾਜਮਾਨ, ਅਖੰਡ ਸਮਾਧੀ ਵਿਚ ਲੀਨ, ਗੁਰੂ ਜੀ ਨੇ ਸੰਸਾਰੀ ਜੀਵਾਂ ਦੇ ਦੁਖੀ ਹੋਣ ਦੇ ਕਾਰਨ ਦਾ ਗੰਭੀਰਤਾ ਸਹਿਤ ਅਧਿਐਨ ਕੀਤਾ । ਪਰਮ-ਪਦ ਦੀ ਅਵਸਥਾ ਤੇ ਪਹੁੰਚ ਕੇ ਗੁਰੂ ਜੀ ਨੇ ਅਨੁਭਵ ਕੀਤਾ ਕਿ ਲੋਕਾਂ ਦਾ ਭਲਾ ਕਰਨਾ ਸਭ ਤੋਂ ਸ੍ਰੇਸ਼ਟ ਕਾਰਜ ਹੈ। ਗੁਰੂ ਜੀ ਨੇ ਅਨੁਭਵ ਕੀਤਾ ਕਿ ਭਾਰਤਵਾਸੀ 'ਭਯ' ਦੇ ਕਾਰਨ ਦੁਖੀ ਹਨ । ਉਹ ਪਰਉਪਕਾਰੀ ਕਾਰਜ ਨਹੀਂ ਕਰ ਸਕਦੇ । ਉਹਨਾਂ ਦੀ ਕਠਨਾਈ ਦਾ ਮੂਲ ਕਾਰਨ ਹੈ 'ਭਯ' । 'ਭਯ' ਦਾ ਮਾਰਿਆ ਹੋਇਆ ਜੀਵ 'ਭਲਾ' ਨਹੀਂ ਕਰ ਸਕਦਾ, ਜਬਰ ਜ਼ੁਲਮ ਨਾਲ ਟੱਕਰ ਨਹੀਂ ਲੈ ਸਕਦਾ । ਆਪਣੇ ਧਰਮ ਦੀ ਰੱਖਿਆ ਨਹੀਂ ਕਰ ਸਕਦਾ। 'ਭਯ' ਇਕ ਬੰਧਨ ਹੈ, ਰੋਗ ਅਤੇ ਕਲੇਸ਼ ਹੈ । 'ਭਯ' ਦੇ ਕਈ ਰੂਪ ਹਨ, ਕਈ ਵੇਸ ਹਨ । ਅਜਿਹੀ ਅਵਸਥਾ ਵਿਚ ਗੰਭੀਰ ਚਿੰਤਨ ਉਪਰਾਂਤ ਗੁਰੂ ਜੀ ਨੇ ਫੁਰਮਾਇਆ—

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥੧੬॥ [ਸਲੋਕ ਮ: ੯

ਗੁਰੂ ਜੀ ਦਾ ਉਪਦੇਸ਼ ਸੀ ਕਿ ਮੈਂ ਨਾ ਤਾਂ ਕਿਸੇ ਨੂੰ ਭੈ ਦਿੰਦਾ ਹਾਂ, ਅਰਥਾਤ ਮੈਂ ਕਿਸੇ ਨੂੰ ਨਾ ਡਰਾਉਣਾ ਚਾਹੁੰਦਾ ਹਾਂ ਅਤੇ ਨਾ ਹੀ ਕਿਸੇ ਦਾ ਭੈ ਮੰਨਦਾ ਹਾਂ, ਭਾਵ ਮੈਂ ਕਿਸੇ ਤੋਂ ਡਰ ਕੇ ਜੀਵਨ ਬਤੀਤ ਨਹੀਂ ਕਰਨਾ ਚਾਹੁੰਦਾ। ਇਸ ਆਦਰਸ਼ ਦੀ, ਦ੍ਰਿੜ੍ਹਤਾ ਨਾਲ ਪਾਲਨਾ ਕਰਦੇ ਹੋਏ ਗੁਰੂ ਜੀ ਨੇ ਨਵੰਬਰ ੧੧, ੧੬੭੫ ਨੂੰ

---

✿ਸ਼ਹੀਦ ਹੋਵੇਗਾ, ਜਿਨ੍ਹਾਂ ਦੀ ਅਜ਼ਾਦੀ ਖ਼ਤਰੇ ਵਿਚ ਪਵੇਗੀ, ਜਿਨ੍ਹਾਂ ਨਾਲ ਧੱਕਾ ਹੋਵੇਗਾ । ਇਹ ਖਾਲਸੇ ਦਾ ਧਰਮ ਹੈ, 'ਸੀਸੁ ਦੀਆ ਪਰ ਸਿਰਰੁ ਨ ਦੀਆ' ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨਿਰੋਲ ਇਨਸਾਨੀ ਧਰਮ ਦੇ ਅਸੂਲ ਤੇ ਅਧਾਰਤ ਸੀ । ਅਸਲੀ ਗਿਆਨ-ਵਾਲਾ ਨਾ ਕਿਸੇ ਨੂੰ ਭੈ ਦੇਂਦਾ ਹੈ ਅਤੇ ਨਾ ਹੀ ਭੈ ਕਾਰਨ ਆਪਣੇ ਅਸੂਲ ਨੂੰ ਛਡਦਾ ਹੈ । ਉਨ੍ਹਾਂ ਦੇ ਹੇਠ ਲਿਖੇ ਸ਼ਬਦ ਇਸ ਦੀ ਪੂਰੀ ਪੁਸ਼ਟੀ ਕਰਦੇ ਹਨ—

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨਿ ॥੧੬॥ [ਸਲੋਕ ਮ: ੯, ੧੪੨੭

ਨਾਮ ਵਾਲੇ ਵਿਚ ਨਿਰਭੈਤਾ ਅਤੇ ਹੋਰਨਾਂ ਨੂੰ 'ਉਭਾਰਨ' ਦੀ ਸਮਰੱਥਾ ਹੁੰਦੀ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ-ਗੁਰੂ ਦੇ ਬਲੀਦਾਨ ਤੋਂ ਸਿਖਿਆ ਲੈ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ, ਤਾਂ ਜੁ ਧਰਮ ਦੀ ਸਥਾਪਨਾ ਲਈ ਜਦੋ-ਜਹਿਦ ਹੋਵੇ ਅਤੇ ਧਰਮ ਲਈ ਬਲੀਦਾਨ ਦੇਣ ਦਾ ਉਤਸ਼ਾਹ ਜਨਤਾ ਵਿਚ ਉਭਾਰਿਆ ਜਾਵੇ । ਪੰਥ ਦੀ ਸਾਜਨਾ ਆਪ ਨੇ 'ਵਾਹਿਗੁਰੂ ਜੀ ਕੀ ਫਤਹ' ਦੀ ਘੜੀ ਸੰਸਾਰ ਤੇ ਲਿਆਉਣ ਲਈ ਕੀਤੀ । ਸਾਰੇ ਸੰਸਾਰ ਤੇ ਕੇਵਲ ਅਕਾਲ ਪੁਰਖ ਵਾਹਿਗੁਰੂ, ਭਾਵ ਸਚਾਈ ਦਾ ਰਾਜ ਹੋਵੇ ।



www.AKJ.Org

ਗੁਰਦੁਆਰਾ ਸੀਸ ਗੰਜ, ਦਿੱਲੀ ਵਾਲੀ ਥਾਂ ਤੇ ਸ਼ਹੀਦੀ ਦਿਤੀ ਸੀ । ਸ਼ਹੀਦੀ ਤੋਂ ਪਹਿਲਾਂ ਗੁਰੂ ਜੀ ਨੂੰ ਅਨੇਕ ਪ੍ਰਕਾਰ ਦੇ ਲਾਲਚ ਦਿਤੇ ਗਏ, ਪਰ ਜਦ ਇਹ ਗੁਰੂ ਜੀ ਦੇ ਅਡੋਲ ਮਨ ਨੂੰ ਪ੍ਰਭਾਵਿਤ ਨਾ ਕਰ ਸਕੇ ਤਾਂ ਤਸੀਹੇ ਦਿਤੇ ਗਏ । ਲੋਹੇ ਦੇ ਪਿੰਜਰੇ ਵਿਚ ਡਕ ਦਿੱਤਾ ਗਿਆ । ਗੁਰੂ ਜੀ ਦੇ ਸਿੱਖ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਦੋਫਾੜ ਕਰ ਦਿਤਾ ਗਿਆ । ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਪਾ ਦਿੱਤਾ ਗਿਆ ਅਤੇ ਭਾਈ ਸਤੀ ਦਾਸ ਨੂੰ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ । ਅੰਤ ਗੁਰੂ ਤੇਗ ਬਹਾਦਰ ਜੀ ਨੂੰ ਲੋਹੇ ਦੇ ਤਪਦੇ ਥੰਭ ਨਾਲ ਬੰਨ੍ਹ ਕੇ ਮੁੱਖ ਤੇ ਤੱਤੀ ਰੇਤ ਪਾਈ ਗਈ, ਪਰ ਗੁਰੂ ਜੀ ਸ਼ਾਂਤ ਰਹੇ, ਆਪਣੇ ਧਰਮ ਦੇ ਅਸੂਲਾਂ ਤੇ ਡਟੇ ਰਹੇ । ਜਦ ਸਾਰੇ ਹੀਲੇ ਅਸਫ਼ਲ ਹੋ ਗਏ ਤਾਂ ਅੰਤ ਜਲਾਦ ਦੀ ਤਲਵਾਰ ਨੇ ਗੁਰੂ ਜੀ ਦਾ ਪ੍ਰਕਾਸ਼-ਪੁੰਜ ਸੀਸ ਕਲਮ ਕਰ ਦਿੱਤਾ। ਇਹ ਸਾਕਾ ਬੜਾ ਵੱਡਾ ਸੀ । ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ–

ਸੀਸੁ ਦੀਆ ਪਰ "ਸੀ" ਨ ਉਚਰੀ ॥੧੩॥ [ਬਚਿਤ੍ਰ ਨਾਟਕ, ਅਧਿ: ੫]

ਅਜਿਹੀ ਵੀਰਤਾ ਨਾਲ ਦਿੱਤੀਆਂ ਗਈਆਂ ਸ਼ਹੀਦੀਆਂ ਨੇ ਇਕ ਨਵਾਂ ਆਦਰਸ਼ ਕਾਇਮ ਕੀਤਾ । ਇਕ ਨਵੀਂ ਜੀਵਨ ਜਾਚ ਸਿਖਾਈ । ਇਨ੍ਹਾਂ ਕੁਰਬਾਨੀਆਂ ਦਾ ਪ੍ਰਯੋਜਨ ਸੀ–'ਤਿਲਕ ਅਤੇ ਜੰਞੂ ਦੀ ਰੱਖਿਆ, ਹਿੰਦੂ ਧਰਮ ਦੀ ਰੱਖਿਆ, ਪੀੜਤਾਂ ਦੀ ਰੱਖਿਆ, ਅਨਿਆਂ ਅਤੇ ਅਤਿਆਚਾਰ ਨਾਲ ਟੱਕਰ । ਧਰਮ ਦੇ ਇਤਿਹਾਸ ਵਿਚ ਇਹ ਇਕ ਨਵਾਂ ਤਜਰਬਾ ਸੀ । ਗੁਰੂ ਜੀ ਦੇ ਉਪਦੇਸ਼ ਅਤੇ ਆਦੇਸ਼ ਦੀ ਪਾਲਨਾ ਕਰਦੇ ਹੋਏ ਸਿੰਘਾਂ ਨੇ ਸਵਾ ਸੌ ਸਾਲ ਨਿਰੰਤਰ ਸ਼ਹੀਦੀਆਂ ਦਿੱਤੀਆਂ । ਕਿੰਨੇ ਕੁ ਸਿੰਘ ਸ਼ਹੀਦ ਹੋਏ ? ਕਿੰਨੇ ਘਰ ਉਜੜ ਗਏ ? ਇਸ ਦਾ ਅਨੁਮਾਨ ਲਗਾਣਾ ਕਠਨ ਹੈ, ਪਰ ਇਹ ਸਹਿਜੇ ਕਿਹਾ ਜਾ ਸਕਦਾ ਹੈ ਕਿ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਕਿਸੇ ਇਕ ਨੇ ਵੀ ਮੱਥੇ ਵੱਟ ਨਹੀਂ ਪਾਇਆ, ਕਿਸੇ ਇਕ ਨੇ ਵੀ ਲੋਭ ਲਾਲਚ ਨੂੰ ਕਬੂਲ ਨਹੀਂ ਕੀਤਾ । ਇਹ ਦ੍ਰਿੜ੍ਹਤਾ, ਪਕਿਆਈ ਤੇ ਦਲੇਰੀ ਲਾਜਵਾਬ ਹੈ । ਸਿੰਘਾਂ ਨੇ ਅਨਗਿਣਤ ਹਿੰਦੂਆਂ ਦੀਆਂ ਇਸਤ੍ਰੀਆਂ ਦੀ ਪਤ ਨੂੰ ਬਚਾਇਆ, ਫਿਰ ਮੁਗ਼ਲਾਂ ਤੋਂ ਖੋਹ ਕੇ ਸਹੀ ਸਲਾਮਤ ਉਹਨਾਂ ਹਿੰਦੂ ਇਸਤ੍ਰੀਆਂ ਨੂੰ ਮੁੜ ਉਨ੍ਹਾਂ ਦੇ ਘਰਾਂ ਵਿਚ ਪਹੁੰਚਾਇਆ ।

ਗੁਰੂ ਤੇਗ ਬਹਾਦਰ ਜੀ ਦਾ ਉਪਦੇਸ਼ ਸੀ ਕਿ ਸਿਖ ਦਾਤਾ ਹੈ, ਮੰਗਤਾ ਨਹੀਂ । ਸਿੱਖ ਭਲਾ ਕਰਨ ਲਈ ਤਤਪਰ ਰਹਿੰਦਾ ਹੈ । ਦੀਨਾਂ ਦੁਖੀਆਂ ਦੀ ਸਹਾਇਤਾ ਕਰਨੀ ਸਿੱਖ ਦਾ ਧਰਮ ਹੈ । ਜਦ ਵੀ ਭਾਰਤਵਾਸੀ ਸੰਕਟ ਵਿਚ ਫਸ ਕੇ ਦੁੱਖੀ ਹੋਏ, ਗੁਰੂ ਕੇ ਸਿੰਘਾਂ ਨੇ ਸੀਸ ਤਲੀ ਤੇ ਰੱਖ ਕੇ ਦੇਸ਼ ਦੀ ਆਨ ਸ਼ਾਨ ਨੂੰ ਕਾਇਮ ਰੱਖਣ ਲਈ ਸ਼ਹੀਦੀਆਂ ਦਿੱਤੀਆਂ । ਗੁਰੂ ਤੇਗ ਬਹਾਦਰ ਜੀ ਦਾ ਉਪਦੇਸ਼ ਇਹ ਹੈ ਕਿ ਸਵੈਮਾਨ ਨਾਲ ਜੀਵਨ ਬਤੀਤ ਕਰਨਾ । ਕਿਸੇ ਨੂੰ ਡਰਾ-ਧਮਕਾ ਕੇ ਦੁੱਖੀ ਨਹੀਂ ਕਰਨਾ ਅਤੇ ਆਪ ਵੀ ਕਿਸੇ ਤੋਂ ਨਹੀਂ ਡਰਨਾ । ਇਹੋ ਹੀ ਸਿੰਘ ਦੀ ਜੀਵਨ ਮਰਯਾਦਾ ਹੈ । ਇਸ ਆਦਰਸ਼ ਨੂੰ ਜੇ ਭਾਰਤ ਦੀ ਬਹੁਗਿਣਤੀ ਵਾਲੇ ਵੀਰ ਅਪਣਾ ਲੈਣ ਤਾਂ ਦੇਸ਼ ਦੀ ਅਖੰਡਤਾ, ਸ਼ਾਂਤੀ, ਤੇ ਗੌਰਵ ਕਾਇਮ ਰਹਿ ਸਕਦਾ ਹੈ । ਫਿਰ ਅਜਿਹਾ ਵਾਤਾਵਰਣ ਕਾਇਮ ਹੋ ਜਾਵੇਗਾ ਜਿੱਥੇ ਸਾਰੇ ਭਾਈ ਭਾਈ ਬਣ ਕੇ ਵੈਰ-ਵਿਰੋਧ ਦੀ ਭਾਵਨਾ ਤਿਆਗ ਨਵ-ਭਾਰਤ ਦੀ ਉਸਾਰੀ ਵਿਚ ਇਕਮੁੱਠ ਹੋ ਕੇ ਜੁੱਟ ਜਾਣਗੇ ।

ਅੱਜ ਸਮੇਂ ਦੀ ਵੰਗਾਰ ਹੈ ਕਿ ਹਰ ਸਿੱਖ ਗੁਰੂ ਤੇਗ ਬਹਾਦਰ ਜੀ ਦੇ ਉਪਦੇਸ਼ ਨੂੰ ਸਮਝ ਕੇ ਆਪਣੇ ਨਿੱਜੀ ਜੀਵਨ ਵਿਚ ਉਤਾਰਨ ਲਈ ਪ੍ਰਯਾਸ ਕਰੇ । ਅੱਜ ਅਸੀਂ ਪ੍ਰਣ ਕਰੀਏ :–

੧. 'ਹਮ ਸਭਨਾ ਕੇ ਸਾਜਨ'' ਅਰਥਾਤ, ਅਸੀਂ ਸਭ ਦੇ ਮਿੱਤਰ ਹਾਂ, ਸਾਡਾ ਕੋਈ ਵੈਰੀ ਨਹੀਂ ।
੨. ਅਨਿਆਂ ਅਤੇ ਅੱਤਿਆਚਾਰ ਨਾਲ ਟੱਕਰ ਲੈਣ ਲਈ ਅਸੀਂ ਹਰ ਸਮੇਂ ਤੱਤਪਰ ਰਹਿਣਾ ਹੈ ।
੩. ਧਰਮ ਦੀ ਰੱਖਿਆ ਲਈ ਮੋਹ-ਮਾਇਆ ਦੀ ਪਕੜ ਤੋਂ ਉਪਰ ਉਠ ਕੇ ਸ਼ਹੀਦ ਹੋਣਾ ਹੈ, ਸਰਬੰਸ ਵਾਰਨਾ ਹੈ ।
੪. ਦੀਨਾਂ ਦੁੱਖੀਆਂ ਤੇ ਦਰਦਮੰਦਾਂ ਦੀ ਸਹਾਇਤਾ ਕਰਨੀ ਹੈ । ਇਹੋ ਹੀ ਪਰਉਪਕਾਰ ਹੈ ।
੫. ਸੇਵਾ ਤੇ ਸਿਮਰਨ ਤੇ ਸ਼ਸਤਰਾਂ ਨਾਲ ਕ੍ਰਿਆਸ਼ੀਲ ਹੋ ਕੇ ਸਾਰੇ ਸੰਸਾਰ ਵਿਚ ਅਮਨ ਸ਼ਾਂਤੀ, ਤੇ ਆਪਸੀ ਭਾਈਚਾਰੇ ਵਾਲਾ ਸੁਖਦਾਈ ਮਾਹੌਲ ਕਾਇਮ ਰੱਖਣ ਲਈ ਬਲੀਦਾਨ ਦੇਣ ਲਈ ਤਿਆਰ ਰਹਿਣਾ ਹੈ ।



www.AKJ.Org

# ਅਗੋਂ ਦੇ ਜੇ ਚੇਤੀਐ

[ ਸ: ਬਲਕਾਰ ਸਿੰਘ ਜੀ ]

ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਇਹ ਨਿਰਣਾ ਦਿਤਾ ਹੋਇਆ ਹੈ ਕਿ ਪਰਮੇਸ਼ਰ ਤੇ ਭੁਲਿਆਂ ਹੀ ਵਧੇਰੇ ਦੁਖ ਵਿਆਪਦੇ ਹਨ। ਧਰਮ ਜਦੋਂ ਮਨੁਖੀ ਚੇਤਨਾ ਦਾ ਅੰਗ ਬਣਨ ਦੀ ਥਾਂ ਅਗਿਆਨ ਕਲਪਿਤ ਬੰਧਨ ਜਾਂ ਭਰਮ ਮੂਲਕ ਕਰਮਾਂ ਦਾ ਹੇਤੂ ਬਣ ਜਾਂਦਾ ਹੈ ਤਾਂ ਦੈਵੀ ਵਿਧਾਨ ਮੁਤਾਬਿਕ ਮਨੁਖ ਸਜ਼ਾ ਦਾ ਭਾਗੀ ਹੋ ਜਾਂਦਾ ਹੈ। ਗੁਰਵਾਕ ਇਹ ਹੈ—ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਬਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥ (ਪੰਨਾ ੪੧੭)

ਗੁਆਚੀ ਧਾਰਮਿਕ ਤੇ ਸਭਿਆਚਾਰਕ ਕੀਮਤਾਂ ਦੀ ਪੁਨਰ-ਸਥਾਪਨਾ ਵਾਸਤੇ ਜੋ ਕਦਮ ੧੪੯੯ ਈ: ਵਿਚ ਗੁਰੂ ਨਾਨਕ ਦੇਵ ਜੀ ਨੇ ਚੁਕਿਆ ਸੀ, ਉਸੇ ਨੂੰ ੧੬੯੯ ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੰਨਤਾ ਪਰਦਾਨ ਕੀਤੀ ਸੀ। ਇਨ੍ਹਾਂ ਦੋ ਸੌ ਸਾਲਾਂ ਵਿਚ ਧਰਤ ਲੁਕਾਈ ਦੇ ਸੁਧਾਰ ਵਾਸਤੇ ਜੋ ਧਾਰਮਿਕ ਜੁਗਤਿ ਅਪਣਾਈ ਗਈ, ਉਸੇ ਨੂੰ ਗੁਰਮਤਿ ਚਿੰਤਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸ ਜੁਗਤਿ ਦੀ ਸੰਪੰਨਤਾ ਵਾਸਤੇ ਜੋ ਭੂਮਿਕਾ ਨਿਭਾਈ ਹੈ, ਉਸ ਦਾ ਵਿਸ਼ੇਸ਼ ਮਹੱਤਵ ਹੈ। ਕਵਿ ਸੈਨਾਪਤੀ ਨੇ 'ਗੁਰ ਸੋਭਾ' ਪੁਸਤਕ ਵਿਚ ਇਹ ਪ੍ਰਥਾਏ ਲਿਖਿਆ ਹੈ :—

ਪ੍ਰਗਟ ਭਏ ਗੁਰੂ ਤੇਗ ਬਹਾਦਰ ॥ ਸਗਲ ਸ੍ਰਿਸ਼ਟ ਪੈ ਢਾਪੀ ਚਾਦਰ ॥
ਕਰਮ ਧਰਮ ਕੀ ਜਿਨਿ ਪਤਿ ਰਾਖੀ ॥ ਅਟੱਲ ਕਰੀ ਕਲਜੁਗ ਮੈ ਸਾਖੀ ॥

ਭਾਰਤ ਅੰਦਰ ਉਸ ਸਮੇਂ ਪ੍ਰਚਲਿਤ ਧਰਮ ਹਿੰਦੂ ਅਤੇ ਇਸਲਾਮ ਵਿਚ ਮਨੁਖ ਨੂੰ ਵੰਡ ਕੇ ਵੇਖਣ ਦਾ ਸੁਭਾਅ ਪ੍ਰਧਾਨ ਸੀ। ਭਾਈ ਗੁਰਦਾਸ ਜੀ ਇਸ ਪਾਸੇ ਸੰਕੇਤ ਕਰਦੇ ਹੋਏ ਲਿਖਦੇ ਹਨ—

ਪੁਛਨਿ ਖੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ॥
ਬਾਬਾ ਆਖੈ ਹਾਜੀਆ ਸੁਭ ਅਮਲਾ ਬਾਝਹੁ ਦੋਨੋਂ ਰੋਈ ॥੩੩॥ (ਵਾਰ ੧)

ਇਸ ਹਾਲਤ ਵਿਚ ਧਾਰਮਿਕ ਦਿਗ-ਵਿਜੈ ਦੀ ਲਾਲਸਾ ਨੂੰ ਧਰਮ ਪਰਵਾਨ ਕੀਤਾ ਜਾ ਰਿਹਾ ਸੀ। ਇਸਲਾਮ ਕਿਉਂਕਿ ਰਾਜਸੀ ਧਰਮ ਸੀ, ਇਸ ਵਾਸਤੇ ਇਸਲਾਮੀ ਉਤਮਤਾ ਇਸੇ ਵਿਚ ਸਮਝੀ ਜਾ ਰਹੀ ਸੀ ਕਿ ਬਾਕੀ ਧਾਰਮਿਕ ਪਰੰਪਰਾਵਾਂ ਦੀ ਹੇਠੀ ਕੀਤੀ ਜਾਵੇ। ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਦਾ ਧਾਰਮਿਕ ਉਲਾਰ ਜ਼ੁਲਮ ਦੀ ਹੱਦ ਤਕ ਪਹੁੰਚ ਗਿਆ ਸੀ। ਸਰਕਾਰੀ ਧਰਮ ਨੂੰ ਭਾਰਤ ਦਾ ਧਰਮ ਐਲਾਨੇ ਜਾਣ ਦੀਆਂ ਤਿਆਰੀਆਂ ਜ਼ੋਰਾਂ ਤੇ ਸਨ। ਇਸ ਹਾਲਤ ਵਿਚ ਕਸ਼ਮੀਰ ਦੇ ਪੰਡਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਪਹੁੰਚ ਕੀਤੀ। ਗੁਰੂ ਸਾਹਿਬ ਧਰਮ-ਧੁਜਾ ਦੇ ਪ੍ਰਤੀਨਿਧ ਹਨ। ਪੰਡਤ ਲੋਕ ਧਰਮ ਦੀ ਭਾਵਨਾ ਨਾਲੋਂ ਟੁਟੀ ਹੋਈ ਪੂਜਕ ਸ਼ਰੇਣੀ ਦੇ ਪ੍ਰਤੀਨਿਧ ਸਨ। ਮੁਸਲਮਾਨ ਧਾਰਮਿਕ ਹਉਮੈ ਦਾ ਸ਼ਿਕਾਰ ਸਨ। ਇਸ ਹਾਲਤ ਵਿਚ ਧਾਰਮਿਕ-ਸਤਿਤਾ ਦੀ ਸਥਾਪਤੀ ਲਈ ਜੋ ਕੁਝ ਗੁਰੂ ਤੇਗ ਬਹਾਦਰ ਸਾਹਿਬ ਨੇ ਕੀਤਾ, ਉਸ ਦਾ ਜ਼ਿਕਰ ਸ੍ਰੀ ਗੁਰੂ ਗੋਬਿੰਦਸਿੰਘ ਜੀ ਨੇ ਬਚਿਤ੍ਰ ਨਾਟਕ ਦੇ ਪੰਜਵੇਂ ਅਧਿਆਇ ਵਿਚ ਕੀਤਾ ਹੈ—ਠੀਕਰੀ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ ॥

ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ॥੧੫॥
ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥੧੬॥

ਧਰਮ ਦੀ ਸਥਾਪਨਾ ਵਾਸਤੇ ਜਾਂ ਧਾਰਮਿਕ ਅਜ਼ਾਦੀ ਵਾਸਤੇ ਸ਼ਹੀਦੀ ਦੇ ਕੇ ਜਿਸ ਧਾਰਮਿਕ ਜੁਗਤਿ ਨੂੰ ਗੁਰੂ ਜੀ ਨੇ ਸਾਹਮਣੇ ਲਿਆਂਦਾ, ਉਸ ਦਾ ਸੰਖੇਪ ਵੇਰਵਾ ਅਗੇ (ਲੇਖਕ ਜੀ ਨੇ ਸਲੋਕ ਮਹਲਾ ੯ ਵਿਚੋਂ ਹਵਾਲੇ ਦੇ ਕੇ) ਦਿਤਾ ਹੈ।

[ 'ਸੀਸ ਗੰਜ' ਦਿਲੀ ਵਿਚਲੇ ਲੇਖ ਵਿਚੋਂ
'ਸੂਰਾ' ਅੰਮ੍ਰਿਤਸਰ, ਨਵੰਬਰ ੧੯੮੭



www.AKJ.Org

# ਹਿੰਦ ਧਰਮ ਦੀ ਚਾਦਰ

(ਸ: ਅਤਰ ਸਿੰਘ 'ਨੀਰ' H.P. 110,ਪੀਤਮਪੁਰਾ, ਦਿੱਲੀ—34)

ਜ਼ੁਲਮ ਅਨਿਆਂ ਦੀ ਰਾਤ ਹਨੇਰੀ ਐਸੀ ਹਿੰਦ ਤੇ ਛਾਈ,
ਕਿ ਮਾਨੁਖਤਾ ਸੰਸਾਰ ਦੀ ਸਾਰੀ ਤੜਫ਼ੀ ਤੇ ਕੁਰਲਾਈ।
ਦੇਵੀ ਦੇਵਤੇ ਪੀਰ ਪੈਗੰਬਰ ਰਿਸ਼ੀ ਮੁਨੀ ਸੰਨਿਆਸੀ,
ਜੋਗੀ ਜਤੀ ਤਪੀ ਤਪੀਸ਼ਰ ਹੋ ਗਏ ਆਲਾ ਰਾਸੀ।
ਧੁਪ ਚੜ੍ਹਨ ਤੋਂ ਤ੍ਰੇਲ ਦੇ ਤੁਪਕੇ ਗੁੰਮ ਜਿਵੇਂ ਹੋ ਜਾਂਦੇ,
ਏਦਾ ਨਹੀਂ ਸਨ ਮਹਾਂ ਪੁਰਸ਼ ਕੋਈ ਕਿਧਰੇ ਨਜ਼ਰੀਂ ਆਂਦੇ।
ਉਸ ਵੇਲੇ ਦੀ ਮੁਗਲ ਹਕੂਮਤ ਏਦਾਂ ਹੋਈ ਹਤਿਆਰੀ,
ਮੂੰਹ ਵਿਚ ਕਲਮਾ ਇਕ ਹੱਥ ਤਸਬੀ ਦੂਜੇ ਹੱਥ ਕਟਾਰੀ।
ਢਾਹ ਢਾਹ ਮੰਦਰਾਂ ਤਾਈਂ ਲਗੇ ਬਦਲਣ ਵਿਚ ਮਸੀਤਾਂ,
ਵਾੜ ਖੇਤ ਨੂੰ ਖਾਵਣ ਲਗੀ, ਉਲਟੀਆਂ ਐਸੀ ਨੀਤਾਂ।
ਤਿਲਕ ਤੇ ਟਿੱਕਾ ਮੇਟਿਆ ਜਾਂਦਾ, ਜਿਉਂ ਤਖ਼ਤੀ ਤੋਂ ਸਿਆਹੀ
ਯਗੋਪਵੀਤ ਦੀ ਥਾਂ ਦੇ ਉਤੇ, ਹਰ ਗਲ ਦੇ ਵਿਚ ਫਾਹੀ।
ਭੇਡਾਂ ਵਾਂਗੂ ਮੁੰਨਿਆ ਜਾਂਦਾ, ਹਰ ਇਕ ਚੋਟੀ ਵਾਲਾ।
ਛੋਡਿਆਂ ਵਾਂਗੂ ਛਿਲਿਆ ਜਾਂਦਾ, ਖਤਰੀ ਬ੍ਰਾਹਮਣ ਲਾਲਾ।
ਓਮ ਨਮੋ ਦੀ ਥਾਂ ਤੇ ਮੂੰਹ ਵਿਚ ਅਲ੍ਹਾ ਹੂ ਦਾ ਨਾਹਰਾ,
ਦੀਨ ਮੁਹੰਮਦ ਵਲੀ ਮੁਹੰਮਦ ਬਣਿਆ ਰਾਮ ਪਿਆਰਾ।
ਜੰਞੂਆਂ ਨੂੰ ਕਰ 'ਕਠਿਆਂ ਸਾੜਨ, ਘਾਹ ਦੇ ਢੇਰਾਂ ਵਾਂਗੂ,
ਅੜਨੇ ਵਾਲੇ ਝਾੜੇ ਜਾਂਦੇ, ਪਕਿਆਂ ਬੇਰਾਂ ਵਾਂਗੂ।
ਰਾਮ ਕ੍ਰਿਸ਼ਨ ਦੇ ਪਿਆਰਿਆਂ ਦੀਆਂ ਲਾਹੁਣ ਏਦਾਂ ਝੰਡਾਂ,
ਲਾਵਣੀ ਕਰ ਕਿਰਸਾਨ ਬੰਨ੍ਹਦੇ ਜਿਉਂ ਛਾਈ ਦੀਆਂ ਪੰਡਾਂ।
ਖੁਰਾ ਖੋਜ ਹਿੰਦੂ ਦਾ ਜੱਗ ਚੋਂ, ਇਉਂ ਮਿਟਾਣਾ ਚਾਹੁੰਦੇ,
ਸਵੇਰ ਹੋਣ ਤੇ ਤਾਰੇ ਜਿਵੇਂ, ਕਿਤੇ ਨਜ਼ਰ ਨਹੀਂ ਆਂਦੇ।
ਹਰ ਪਾਸੇ ਤੋਂ ਉਠੀਆਂ ਚੀਕਾਂ, ਉਚੀਆਂ ਹਾਲ ਪੁਕਾਰਾਂ,
ਚਿਲਕਣ ਛੁਰੀਆਂ ਲਹੂਆਂ ਭਰੀਆਂ, ਗਲ ਗਲ ਤੇ ਕਟਾਰਾਂ।
ਵੇਖ ਦੁਰਗਤੀ ਧਰਮ ਦੀ ਹਾਨੀ, ਪੰਡਤ ਵਡੇ ਭਾਰੇ,
ਤੁਰ ਕਸ਼ਮੀਰੋਂ ਅਨੰਦਪੁਰ ਆਏ, ਨਾਵੇਂ ਗੁਰ ਦਰਬਾਰੇ।
ਹਿੰਦੂ ਧਰਮ ਦੀ ਬੇੜੀ ਡੋਲੇ, ਹੇ ਗੁਰ ਤੇਗ ਬਹਾਦਰ!
ਬਾਝ ਤੁਹਾਡੇ ਕਿਸੇ ਨ ਦੇਣਾ, ਦਰ-ਡਿਗਿਆਂ ਨੂੰ ਆਦਰ।

"ਐਸੇ ਸਮੇਂ ਹੈ ਦੇਣੀ ਪੈਂਦੀ ਉਚੀ ਕੋਈ ਕੁਰਬਾਣੀ"
ਏਦਾਂ ਮੇਰੇ ਸਤਿਗੁਰ ਜੀ ਨੇ ਮੁਖ ਤੋਂ ਬੋਲੀ ਬਾਣੀ।
ਖੋਲ੍ਹ ਜ਼ਬਾਨ ਰਸੀਲੀ ਕਹਿਆ, ਨੰਨ੍ਹੇ ਗੋਬਿੰਦ ਪਿਆਰੇ:
"ਤੁਸਾਂ ਬਿਨਾਂ ਨ ਕੋਈ ਉਚਾ, ਡਿੱਠਾ ਜੱਗ ਵਿਚ ਸਾਰੇ।
ਨਾਨਕ-ਦਰ ਹੈ ਸਭ ਤੋਂ ਉਚਾ, ਹੋਰ ਨ ਕੋਈ ਦਿਸੇ।
ਗੁਰੂ ਨਾਨਕ ਦੀ ਜੋਤਿ ਇਲਾਹੀ, ਤੁਲ ਨ ਕੋਈ ਦਿਸੇ।
ਰਖ ਲਓ ਮੁਕਦਾ ਧਰਮ ਹਿੰਦੂ ਦਾ ਆਪਣੀ ਜਿੰਦੜੀ ਲਾ ਕੇ,
ਜਿਵੇਂ ਦੁਧ ਨੂੰ ਪਾਣੀ ਰਖਦਾ ਆਪਣਾ ਆਪ ਜਲਾ ਕੇ।
ਦੁਖੀਆਂ ਦਰਦ ਵੰਡਾ ਲਓ ਦਾਤਾ, ਲਾ ਕੇ ਜਿੰਦ ਦੀ ਬਾਜ਼ੀ,
ਲਗ ਜਾਵੇ ਸਰਬੰਸ ਜੇ ਸਾਰਾ ਤਾਂ ਵੀ ਹਾਂ ਮੈਂ ਰਾਜ਼ੀ।
ਕੀ ਹੋਇਆ ਯਤੀਮ ਮੈਂ ਹੋਸਾਂ, ਇਸ ਦੁਨੀਆ ਦੇ ਉਤੇ,
ਲਖਾਂ ਬੱਚੇ ਬੱਚੀਆਂ ਦੇ ਪਰ ਭਾਗ ਜਾਗਸਨ ਸੁਤੇ।"
ਸੁਣ ਕੇ ਆਪਣੇ ਬਚੜੇ ਦੀਆਂ, ਫੁਲਾਂ ਵਾਂਗੂ ਹੱਸੇ।
ਸਾਗਰ ਉਛਲਿਆਂ ਮੇਹਰਾਂ ਭਰਿਆ, ਅੰਮ੍ਰਿਤ ਬਣ ਕੇ ਵਸੇ।

ਆਪਣੇ ਸਰੀਰ ਦੀ ਬਲੀ ਦੇਣ ਲਈ ਆਗਰੇ ਪੁਜ ਕੇ
ਆਪ ਨੇ ਗ੍ਰਿਫਤਾਰੀ ਦਿਤੀ, ਜਿਥੋਂ ਆਪ ਜੀ ਨੂੰ ਦਿੱਲੀ
ਲਿਆ ਕੇ ਕਈ ਤਰ੍ਹਾਂ ਦੇ ਕਸ਼ਟ ਦਿਤੇ ਗਏ, ਅਤੇ—

ਚਾਂਦਨੀ ਚੋਕ ਦਿੱਲੀ ਦੇ ਅੰਦਰ, ਜਾ ਕੇ ਲਾਇਆ ਨਾਹਰਾ,
ਏਸ ਨਿਮਾਣੀ ਜਿੰਦੜੀ ਕੋਲੂੰ, ਸਾਨੂੰ ਧਰਮ ਪਿਆਰਾ।
ਸੂਰਾ ਹੈ ਵਰਯਾਮ ਓਹੀ, ਜੁ ਧਰਮ ਦੀ ਖ਼ਾਤਰ ਲੜਦਾ,
ਧਰਮ ਸ਼ਮ੍ਹਾ ਤੇ ਬੇ-ਡਰ ਜਿਹੜਾ, ਵਾਂਗ ਪਤੰਗਿਆਂ ਸੜਦਾ।
ਮਾਨੁਖਤਾ ਦੀ ਰਖ ਵਿਖਾਈ, ਦੇ ਕੇ ਇਉਂ ਕੁਰਬਾਨੀ,
ਜਿਸ ਦਾ ਨਹੀਂ ਜੱਗ ਦੇ ਅੰਦਰ ਹੋਇਆ ਕੋਈ ਵੀ ਸਾਨੀ।
ਬੱਚ ਗਈ ਸਭਿੱਤਾ, ਸੰਸਕ੍ਰਿਤੀ ਤੇ ਵੇਦ ਪੁਰਾਣ ਦੀ ਨੀਤੀ,
ਗੂੰਜੇ ਸੰਖ ਘੜਿਆਲ ਗਗਨ ਵਿਚ, ਗੂੰਜੀ ਗੀਤਾ-ਪ੍ਰੀਤੀ।
ਸਦਾ ਜਾਗਦੀ ਜੋਤਿ ਜਗਾ ਗਏ, ਨੀਰ ਜੀ ਤੇਗ ਬਹਾਦਰ।
ਸਦਾ ਸਦਾ ਲਈ ਮਾਣ ਬਣਾ ਗਏ, ਹਿੰਦ ਧਰਮ ਦੀ ਚਾਦਰ।



www.AKJ.Org

# ਪਾਕਿਸਤਾਨ ਵਿਚ ਇਤਿਹਾਸਕ ਗੁਰਦੁਆਰੇ

[ਪ੍ਰੋ: ਹਰਨਾਮ ਸਿੰਘ ਜੀ, W-139, ਕੈਲਾਸ਼-1, ਨਵੀਂ ਦਿਲੀ—48]

ਪਹਿਲੇ ਸਮਿਆਂ ਵਿਚ ਜਦੋਂ ਕਦੇ ਕਿਧਰੇ ਕੋਈ ਰਾਜ-ਪਲਟਾ ਹੁੰਦਾ ਸੀ ਤਾਂ ਕੇਵਲ ਰਾਜੇ ਹੀ ਬਦਲਦੇ ਸਨ ਤੇ ਪਰਜਾ ਨਵੇਂ ਰਾਜੇ ਦੀ ਅਧੀਨਗੀ ਮੰਨ ਕੇ ਪਹਿਲਾਂ ਵਾਂਗ ਹੀ ਆਪਣੀ ਥਾਂ ਤੇ ਟਿਕੀ ਰਹਿੰਦੀ ਸੀ। ਪਰ ਭਾਰਤ ਨੂੰ ਆਜ਼ਾਦੀ ਮਿਲਣ ਤੇ ਜਦੋਂ ਰਾਜ ਬਦਲਿਆ ਤਾਂ ਵਿਲੱਖਣ ਗੱਲ ਇਹ ਹੋਈ ਕਿ ਦੋ ਸੁਤੰਤਰ ਰਾਜਾਂ–ਭਾਰਤ ਤੇ ਪਾਕਿਸਤਾਨ ਦੀ ਪਰਜਾ ਨੂੰ ਵੀ ਬਦਲ ਦਿਤਾ ਗਿਆ। ਇਸ ਵਟਾਂਦਰੇ ਵਿਚ ਸਭ ਤੋਂ ਵਧ ਨੁਕਸਾਨ ਸਿਖ ਕੌਮ ਨੂੰ ਹੋਇਆ। ਇਸ ਰਾਜ-ਪਲਟੇ ਦੇ ਸਿੱਟੇ ਵਜੋਂ ਸਿਖ ਕੌਮ ਨੂੰ ਕੇਵਲ ਆਰਥਕ ਨੁਕਸਾਨ ਹੀ ਨਹੀਂ ਹੋਇਆ, ਸਗੋਂ ਕੌਮ ਨੂੰ ਧਾਰਮਕ ਅਤੇ ਸਭਿਆਚਾਰ ਪੱਖ ਤੋਂ ਵੀ ਬਹੁਤ ਵਡਾ ਘਾਟਾ ਪਿਆ। ਵੰਡ ਦੇ ਸਿੱਟੇ ਵਜੋਂ ਕੌਮ ਦੇ ਅਤਿਅੰਤ ਮਹੱਤਵਪੂਰਨ ਇਤਿਹਾਸਕ ਗੁਰਧਾਮ ਪਾਕਿਸਤਾਤ ਵਿਚ ਚਲੇ ਗਏ ਤੇ ਕੌਮ ਉਨ੍ਹਾਂ ਦੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਤੋਂ ਵਾਂਞੀ ਹੋ ਗਈ।

ਜਗਤ-ਤਾਰਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਨਨਕਾਣਾ ਸਾਹਿਬ ਹੋਇਆ ਤੇ ਆਪ ਜੀ ਦੇ ਤੇ ਦੂਜੇ ਸਤਿਗੁਰਾਂ ਦੇ ਜੀਵਨ ਨਾਲ ਸੰਬੰਧਤ ਬਹੁਤ ਸਾਰੇ ਗੁਰਦੁਆਰੇ—ਨਨਕਾਣਾ ਸਾਹਿਬ ਦੇ ਅਧੀ ਦਰਜਨ ਗੁਰਦੁਆਰੇ, ਰੋੜੀ ਸਾਹਬ ਐਮਨਾਬਾਦ, ਪੰਜਾ ਸਾਹਿਬ, ਬਾਬੇ ਦੀ ਬੇਰ ਸਿਆਲਕੋਟ, ਡੇਹਰਾ ਸਾਹਿਬ ਤੇ ਜਨਮ ਅਸਥਾਨ ਸ੍ਰੀ ਗੁਰੂ ਰਾਮ ਦਾਸ ਜੀ ਲਾਹੌਰ, ਲਾਹੌਰ ਦਾ ਸ਼ਹੀਦ ਗੰਜ ਅਤੇ ਸ਼ਹੀਦੀ ਸਥਾਨ ਭਾਈ ਤਾਰੂ ਸਿੰਘ ਜੀ ਆਦਿ ਪੰਥ ਤੋਂ ਵਿਛੜ ਗਏ। ਕੌਮ ਨੇ ਆਜ਼ਾਦੀ ਤੋਂ ਮਗਰੋਂ ਮਿਹਨਤ ਕਰਕੇ ਆਪਣੀ ਆਰਥਕ ਦਸ਼ਾ ਤਾਂ ਸੁਧਾਰ ਲਈ, ਪਰ ਇਤਿਹਾਸਕ ਸਥਾਨ ਇਸ ਪਾਸੋਂ ਖੁਸ ਗਏ, ਇਨ੍ਹਾਂ ਨੂੰ ਪ੍ਰਾਪਤ ਕਰਨ ਦਾ ਕੋਈ ਸਾਧਨ ਨਾ ਬਣਿਆ।

ਸਿੱਖ ਇਨ੍ਹਾਂ ਪਵਿਤਰ ਅਸਥਾਨਾਂ ਦੇ ਖੁਲ੍ਹੇ ਦਰਸ਼ਨ ਦੀਦਾਰ ਨਹੀਂ ਕਰ ਸਕਦੇ। ਹਰ ਵਰ੍ਹੇ ਸਰਕਾਰੀ ਆਗਿਆ ਲੈ ਕੇ ਜਥਿਆਂ ਦੇ ਰੂਪ ਵਿਚ ਸਿਖ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਕਰਨ ਜਾਂਦੇ ਹਨ। ਗੁਰਦੁਆਰਿਆਂ ਦੀ ਦਸ਼ਾ ਵੇਖ ਕੇ ਕਲੇਜਾ ਮੁੱਠੀ ਵਿਚ ਆਂਦਾ ਹੈ।

ਗੁਰਦੁਆਰਾ ਉਹ ਪਵਿਤਰ ਅਸਥਾਨ ਹੁੰਦਾ ਹੈ ਜਿਥੇ ਨਿਤਾਪ੍ਰਤੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੋਵੇ, ਕਥਾ-ਕੀਰਤਨ ਦੇ ਪ੍ਰਵਾਹ ਚਲਦੇ ਹੋਣ, ਅਤੁੱਟ ਲੰਗਰ ਵਰਤਦੇ ਹੋਣ ਤੇ ਕੌਮੀ ਮਸਲਿਆਂ ਤੇ ਇਕੱਠਿਆਂ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਮਤਿਆਂ ਦੇ ਰੂਪ ਵਿਚ ਫ਼ੈਸਲੇ ਕਰ ਕੇ ਉਨ੍ਹਾਂ ਨੂੰ ਅਮਲੀ ਰੂਪ ਦਿਤਾ ਜਾਂਦਾ ਹੋਵੇ। ਪਾਕਿਸਤਾਨ ਦੇ ਇਤਿਹਾਸਕ ਗੁਰਧਾਮਾਂ ਵਿਚ ਇਹ ਸਾਰੀਆਂ ਗੱਲਾਂ ਵੇਖਣ ਵਿਚ ਨਹੀਂ ਆਉਂਦੀਆਂ। ਦੋ ਚਾਰ ਗੁਰਦੁਆਰਿਆਂ ਤੋਂ ਛੁੱਟ ਕਿਧਰੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੁੰਦਾ, ਕਥਾ ਕੀਰਤਨ ਤੇ ਸਤਿਸੰਗ ਸਮਾਗਮਾਂ ਦਾ ਤਾਂ ਕਹਿਣਾ ਹੀ ਕੀ! ਗੁਰਦੁਆਰਿਆਂ ਵਿਚ ਪ੍ਰਕਾਸ਼ ਅਸਥਾਨਾਂ ਦੇ ਥੜਿਆਂ ਤੇ ਚਾਦਰਾਂ ਪਾਈਆਂ ਹੁੰਦੀਆਂ ਹਨ, ਜਿਵੇਂ ਕਿ ਮੁਸਲਮਾਨ ਪੀਰਾਂ ਦੀਆਂ ਕਬਰਾਂ ਤੇ ਚਾਦਰਾਂ ਪਾਂਦੇ ਹਨ। ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਮਾਲ ਜੀ ਸਾਹਿਬ ਦੀ ਸੰਗਮਰਮਰ ਦੀ ਪਾਲਕੀ ਟੋਟੇ ਕਰਕੇ ਇਕ ਨੁਕਰੇ ਢੇਰੀ ਕੀਤੀ ਹੋਈ ਹੈ। ਸਰੋਵਰ ਸੁੱਕੇ ਪਏ ਹਨ। ਨਿਸ਼ਾਨ ਸਾਹਿਬ ਡੇਗ ਦਿਤੇ ਗਏ ਹਨ ਤੇ ਉਨ੍ਹਾਂ ਤੇ ਲਗੇ ਸੋਨੇ ਦੇ ਪਾਣੀ ਵਾਲੇ ਤਾਂਬੇ ਦੇ ਪਤਰੇ ਪਾਕਿਸਤਾਨੀ ਲੁਟੇਰਿਆਂ ਨੇ ਵੇਚ ਦਿਤੇ ਹਨ। ਗੁਰਦੁਆਰਿਆਂ ਦੀ ਰਖਵਾਲੀ ਲਈ ਮੁਸਲਮਾਨ ਮੁਜਾਵਰ ਰਖੇ ਹੋਏ ਹਨ, ਜਿਨ੍ਹਾਂ ਨੂੰ ਉਨ੍ਹਾਂ ਗੁਰਧਾਮਾਂ ਦੇ ਇਤਿਹਾਸ ਦਾ ਕੁਝ ਵੀ ਪਤਾ ਨਹੀਂ। ਉਹ ਉਨ੍ਹਾਂ ਦੀ ਪਵਿਤਰਤਾ ਕਿਸ ਤਰ੍ਹਾਂ ਕਾਇਮ ਰਖ ਸਕਦੇ ਹਨ?

ਮਈ ੧੯੮੭ ਦੇ 'ਸੂਰਾ' ਵਿਚ ਸ਼ਹੀਦ ਗੰਜ ਸਿੰਘਣੀਆਂ ਲਾਹੌਰ ਬਾਰੇ ਇਹ ਖ਼ਬਰ ਛਪੀ ਸੀ ਕਿ ਇਸ ਅਸਥਾਨ ਨੂੰ ਮਸੀਤ ਵਿਚ ਬਦਲਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਸ਼ਹੀਦ ਗੰਜ ਸੰਬੰਧੀ ਪੁਰਾਣੇ ਪ੍ਰਿਵੀ ਕੌਂਸਲ



www.AKJ.Org

ਦ ਫ਼ੈਸਲੇ ਦੀ ਪਰਵਾਹ ਨਾ ਕਰਦਿਆਂ, ਇਸਲਾਮੀ ਮੱਲਾਣੇ ਉਸਤੇ ਆਪਣਾ ਹੱਕ ਜਮਾਣ ਦਾ ਕੋਹਜਾ ਯਤਨ ਕਰ ਰਹੇ ਹਨ। ਕੀ ਇਹੋ ਜਿਹੀ ਸਥਿਤੀ ਵਿਚ ਇਨ੍ਹਾਂ ਪਰਮ ਪਵਿਤਰ ਸਥਾਨਾਂ ਦੇ ਚਿੰਨ੍ਹ ਕਾਇਮ ਰਹਿ ਸਕਣਗੇ ? ਇਸ ਪ੍ਰਸ਼ਨ ਤੇ ਸਮੁਚੀ ਕੌਮ ਨੂੰ ਵਿਚਾਰ ਕਰਨ ਤੇ ਇਨ੍ਹਾਂ ਦੀ ਪਵਿਤਰਤਾ ਤੇ ਨਿਸ਼ਾਨ ਕਾਇਮ ਰਖਣ ਬਾਰੇ ਸੋਚਣ ਦੀ ਤੁਰੰਤ ਲੋੜ ਹੈ।

ਅੰਤਰ-ਰਾਸ਼ਟਰੀ ਪੱਧਰ ਤੇ ਇਹ ਮਸਲਾ ਉਠਾਇਆ ਜਾ ਸਕਦਾ ਹੈ। ਸਾਡੀ ਸਰਕਾਰ ਸ਼ਾਇਦ ਇਸ ਮਾਮਲੇ ਵਿਚ ਸਾਡੀ ਕੋਈ ਮਦਦ ਨਾ ਕਰ ਸਕੇ, ਕਿਉਂਕਿ ਉਹ ਤਾਂ ਭਾਰਤ ਵਿਚਲੇ ਗੁਰਦੁਆਰਿਆਂ ਨੂੰ ਵੀ ਬਚਾਣ ਤੋਂ ਅਸਮਰਥ ਹੈ। ੧੯੮੪ ਦੇ ਫ਼ਸਾਦਾਂ ਵਿਚ ਸੈਂਕੜੇ ਗੁਰਦੁਆਰੇ ਦਿੱਲੀ ਤੇ ਹੋਰ ਥਾਵਾਂ ਤੇ ਫੂਕ ਦਿਤੇ ਗਏ, ਪਵਿਤਰ ਬੀੜਾਂ ਦਾ ਅਪਮਾਨ ਕੀਤਾ ਗਿਆ। ਪਿਛੇ ਜਿਹੇ ਕੁਮਾਰ ਹੱਟੀ ਵਿਖੇ ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਤਪੋ-ਅਸਥਾਨ ਵੀ ਫੂਕ ਦਿਤਾ ਗਿਆ ਹੈ।

ਕੌਮ ਨੇ ਗੁਰਦੁਆਰਿਆਂ ਦੀ ਪਵਿਤਰਤਾ ਕਾਇਮ ਰਖਣ ਲਈ ਮਹਾਨ ਕੁਰਬਾਨੀਆਂ ਦਿਤੀਆਂ ਹਨ ਤੇ ਜੇਕਰ ਇਨ੍ਹਾਂ ਅਸਥਾਨਾਂ ਦੇ ਨਿਸਾਨ ਮਿਟ ਗਏ ਤਾਂ ਕੌਮ ਲਈ ਇਸ ਤੋਂ ਵਡੀ ਬਰਬਾਦੀ ਵਾਲੀ ਹੋਰ ਕੋਈ ਗੱਲ ਨਹੀਂ ਹੋਵੇਗੀ।

ਕੌਮ ਹਰ ਰੋਜ਼ ਇਨ੍ਹਾਂ ਅਸਥਾਨਾਂ ਦੀ ਸੇਵਾ ਸੰਭਾਲ ਅਤੇ ਖੁਲ੍ਹੇ ਦਰਸ਼ਨ ਦੀਦਾਰਿਆਂ ਦਾ ਦਾਨ ਅਰਦਾਸ ਰਾਹੀਂ ਮੰਗਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਕੌਮ ਦੇ ਆਗੂਆਂ ਨੂੰ ਮਿਲ ਕੇ ਬੈਠਣ ਤੇ ਠੋਸ ਕਦਮ ਚੁਕਣ ਦੀ ਲੋੜ ਹੈ, ਤਾਂ ਜੁ ਇਹ ਪਵਿਤਰ ਨਿਸ਼ਾਨ ਸਦਾ ਲਈ ਕਾਇਮ ਰਹਿਣ, ਜੋ ਕੌਮ ਦਾ ਅਤਿਅੰਤ ਵਡਮੁਲਾ ਵਿਰਸਾ ਹਨ

# ਮੇਰੇ ਸਤਿਗੁਰੂ ਜੀਉ !

ਅਸੀਂ ਪਾਕਿਸਤਾਨ ਵਿਚ ਰਹਿ ਗਏ ਗੁਰ-ਅਸਥਾਨਾਂ ਤੋਂ ਵਿਛੜੇ ਪਏ ਹਾਂ; ਪਰ ਅੱਜ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਤੋਂ ਵੀ ਵਿਛੜਿਆਂ ਵਾਂਗ ਹੀ ਘੁੰਮ ਫਿਰ ਰਹੇ ਹਾਂ। ਤੇਰੇ ਸੋਹਣੇ ਦਰਬਾਰ ਦੀਆਂ ਦਰ-ਬੰਦੀਆਂ ਹੋਈਆਂ ਪਈਆਂ ਹਨ। ਅੱਜ ਤੇਰੇ ਦਰ ਤੇ ਜਾਂਦੇ ਹਰ ਯਾਤਰੀ ਨੂੰ ਖ਼ਤਰਨਾਕ ਮੁਜਰਮ ਦੇ ਸ਼ਕ ਨਾਲ ਵੇਖਦਿਆਂ ਰੋਕਿਆ ਟੋਕਿਆ ਜਾਂਦਾ ਹੈ। ਸਾਰੇ ਪਾਸੇ ਸਹਿਮ ਤੇ ਤ੍ਰਾਸ ਛਾਇਆ ਹੋਇਆ ਹੈ। ਜਿਥੇ ਅਗੇ ਸਿਖ ਸੰਗਤਾਂ ਤੇਰੇ ਇਲਾਹੀ ਦਰਬਾਰ ਦੀਆਂ ਹਾਜ਼ਰੀਆਂ ਭਰਦੀਆਂ ਤਨ ਮਨ ਠਾਰਦੀਆਂ ਗੁਰੂ ਚਰਨਾਂ ਵਿਚ ਜੁੜਦੀਆਂ ਸਨ ਅਤੇ ਗਹਿਮਾ ਗਹਿਮ ਹੁੰਦੀ ਸੀ, ਅੱਜ ਉਥੇ ਕੋਈ ਟਾਵਾਂ ਟਾਵਾਂ ਸਰੀਰ ਦਿਸਦਾ ਹੈ ਅਤੇ ਉਹ ਵੀ ਭੈ-ਭੀਤ ਹੋਇਆ ਗੁਰੂ-ਚਰਨਾਂ ਵਿਚ ਨਮਸ਼ਕਾਰ ਕਰਦਾ ਪ੍ਰੇਸ਼ਾਨ ਨਜ਼ਰੀ ਪੈਂਦਾ ਹੈ, ਕਿ ਪਤਾ ਨਹੀਂ ਕੀ ਹੋ ਜਾਣਾ ਹੈ !

ਗੁਰੂ ਰਾਮਦਾਸ ਸਚੇ ਪਾਤਸ਼ਾਹ ਜੀ ! ਕਦੋਂ ਉਹ ਸੁਭਾਗ ਸਮਾਂ ਆਵੇਗਾ ਜਦੋਂ ਤੇਰੀਆਂ ਸਿਖ-ਸੰਗਤਾਂ ਖੁਲ੍ਹੀਆਂ ਡੁਲ੍ਹੀਆਂ, ਬਿਨਾਂ ਰੋਕ ਟੋਕ ਦੇ ਤੇਰੀਆਂ ਪਰਕਰਮਾਂ ਕਰ ਸਕਣਗੀਆਂ ? ਤੇਰੀਆਂ ਹਾਜ਼ਰੀਆਂ ਭਰ ਸਕਣਗੀਆਂ ? ਅਤੇ ਤੇਰੇ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਤੇ ਨਾਮ ਬਾਣੀ ਦੇ ਲਾਹੇ ਰੰਗਾਂ ਵਿਚ ਮਾਣਨ ਲਈ ਖੁਲ੍ਹੇ ਡੁਲ੍ਹੇ ਦਰਸ਼ਨ ਕਰ ਸਕਣਗੀਆਂ ?

ਮੇਰੇ ਸੋਹਣੇ ਪਾਤਸ਼ਾਹ ! ਅੱਜ ਤੇਰੇ ਦਰ ਦੇ ਟਹਿਲੀਏ, ਪ੍ਰਬੰਧਕ ਅਤੇ ਕਾਬਜ਼ ਹੋ ਰਹੇ ਸਿਖ ਸੇਵਕ ਇਕ ਦੂਜੇ ਤੇ ਵਰ੍ਹ ਰਹੇ ਹਨ, ਭਾਂਤ ਭਾਂਤ ਦੀਆਂ ਬੋਲੀਆਂ ਬੋਲ ਰਹੇ ਹਨ, ਹਰ ਕੋਈ ਆਪਣੀ ਮਨਾਉਣੀ ਚਾਹੁੰਦਾ ਹੈ। ਸਾਰੇ ਲੀਰੋ ਲੀਰ ਹੋਏ ਕੌਮ ਦੀਆਂ ਬੇੜੀਆਂ ਵਿਚ ਵੱਟੇ ਪਾ ਰਹੇ ਹਨ। ਇਨ੍ਹਾਂ ਨੂੰ ਕੌਣ ਸੁਮੱਤ ਬਖਸ਼ੇ !

ਓ ਮੇਰੇ ਸਾਹਿਬਾ ! ਇਹ ਸਭ ਕੁਝ ਕਦੋਂ ਤਕ ? ਤੇਰੇ ਬਾਝਹੁ ਕਿਸ ਅਗੇ ਪੁਕਾਰ ਕਰੀਏ ?

"ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਣੀ ॥" (੧੦੯੭)



www.AKJ.Org

# "ਸਬਦੁ ਵਸੈ 'ਬਿਖੁ' ਜਾਇ"

[ ਭਾਈ ਪਰਵਿੰਦਰ ਸਿੰਘ ਖਾਲਸਾ, ਲੁਧਿਆਣਾ ]

ਸੰਸਾਰ ਦਾ ਹਰ ਜੀਵ ਸੁੱਖ ਅਨੰਦ ਦੀ ਭਾਲ ਵਿਚ ਖੱਚਿਤ ਹੈ। ਗੁਰੂ ਅਰਜਨ ਪਾਤਸ਼ਾਹ ਨੇ ਸਰਬ-ਸੰਸਾਰ ਤੇ ਮਹਾਨ ਪਰਉਪਕਾਰ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਕਾਸ਼ ਕਰ ਕੇ ਸਰਬ ਸੰਸਾਰ ਨੂੰ ਆਤਮਿਕ ਸੁੱਖ ਅਨੰਦ ਦੀ ਪ੍ਰਾਪਤੀ ਦਾ ਸੋਮਾ ਬਖਸ਼ ਦਿਤਾ। ਬਾਣੀ ਦੇ ਭੋਗ ਤੇ ਇਹ ਹੋਕਾ ਦਿਤਾ, "ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ, ਸੰਤੋਖੁ, ਵੀਚਾਰੋ" ਅਤੇ ਇਹ ਗੱਲ ਵੀ ਦ੍ਰਿੜ੍ਹ ਕਰਵਾ ਦਿਤੀ ਕਿ "ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ"। ਆਤਮਿਕ ਸੁੱਖ, ਸਦੀਵੀ ਅਨੰਦ ਲਈ ਜ਼ਰੂਰੀ ਹੈ ਕਿ ਗੁਰਮਤਿ ਦੀ ਕਸਵੱਟੀ ਤੇ ਆਪਣੇ ਆਤਮਿਕ ਵਿਕਾਸ ਨੂੰ ਨਿਤ ਪਰਖਿਆ ਜਾਏ। ਅਨੰਦ ਦੀ ਪ੍ਰਾਪਤੀ ਦਾ ਰਾਜ਼ 'ਗੁਰ-ਸ਼ਬਦ' ਦੀ ਓਟ ਹੈ। ਆਤਮਿਕ ਵਿਕਾਸ ਦੇ ਰਾਹ ਵਿਚ ਰੋੜਾ ਅਟਕਾਣ ਵਾਲੀ ਸ਼ੈ ਹਉਮੈ ਹੈ, ਇਸੇ ਲਈ ਹਉਮੈ ਨੂੰ ਬਿਖੁ (ਜ਼ਹਿਰ) ਨਾਲ ਤੁਲਨਾ ਦਿਤੀ ਗਈ ਹੈ। ਫੁਰਮਾਨ ਹੈ—

ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ ॥ [ਪੰਨਾ ੧੨੬੦

ਅਤੇ ਹਉਮੈ ਨੂੰ ਦੀਰਘ (ਲੰਬਾ) ਰੋਗ, ਅਸਾਧ ਰੋਗ, ਚੰਦਰਾ ਰੋਗ ਕਿਹਾ ਹੈ। ਆਸਾ ਦੀ ਵਾਰ ਵਿਚ ਹੁਕਮ ਹੈ—

ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ ॥ [ਪੰਨਾ ੪੬੬

ਜਿਵੇਂ ਜ਼ਹਿਰ ਦੀ ਵਰਤੋਂ ਨਾਲ ਅਥਵਾ ਅਸਾਧ ਰੋਗ ਚੰਬੜਨ ਨਾਲ ਸਰੀਰ ਖ਼ਤਮ ਹੋ ਜਾਂਦਾ ਹੈ, ਜੀਵ ਮਰ ਜਾਂਦਾ ਹੈ, ਇਵੇਂ ਹੀ ਜੀਵ ਦਾ ਆਤਮਿਕ ਵਿਕਾਸ, ਹਉਮੈ ਰੂਪੀ ਜ਼ਹਿਰ ਅਥਵਾ ਦੀਰਘ ਰੋਗ ਸਦਕਾ ਖ਼ਤਮ ਹੋ ਜਾਂਦਾ ਹੈ, ਜਿਸ ਕਰਕੇ ਜੀਵ ਅਨੰਦ ਤੇ ਖੇੜੇ ਵਾਲਾ ਜੀਵਨ ਖੋਹ ਬੈਠਦਾ ਹੈ।

ਇਹ ਹਉਮੈ ਕਿਥੋਂ ਉਪਜਦੀ ਹੈ ? ਇਸ ਦਾ ਕੀ ਇਲਾਜ ਹੈ ? ਇਸ ਵਿਸ਼ੇ ਦੀ ਚਰਚਾ ਗੁਰਬਾਣੀ ਵਿਚ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ :—

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥੨॥੭॥ [ਆਸਾ ਦੀ ਵਾਰ, ੪੬੬

ਹਉਮੈ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਪੈਦਾ ਹੁੰਦੀ ਹੈ ਅਤੇ ਜੀਵ ਪਿਛਲੇ ਕੀਤੇ ਹੋਏ ਕਰਮਾਂ ਦੇ ਸੰਸਕਾਰਾਂ ਅਨੁਸਾਰ ਮੁੜ ਉਹਨਾਂ ਹੀ ਕੰਮਾਂ ਨੂੰ ਕਰਨ ਵਲ ਦੌੜਦੇ ਹਨ, ਜਿਸ ਨਾਲ ਉਹਨਾਂ ਦੀ ਪੂਰਬਲੀ ਕਿਰਤ ਮੁੜ ਇਸ ਜੀਵਨ ਵਿਚ ਪਰਵਿਰਤ ਹੋ ਕੇ ਸੁਭਾਅ ਦਾ ਅੰਗ ਬਣ ਜਾਂਦੀ ਹੈ। ਗੁਰੂ ਅਮਰਦਾਸ ਜੀ ਗੁਰਬਾਣੀ ਵਿਚ ਇਸੇ ਵੀਚਾਰ ਨੂੰ ਦ੍ਰਿੜ੍ਹ ਕਰਵਾਉਂਦਿਆਂ ਕਹਿੰਦੇ ਹਨ :—

ਦੁਖਿ ਸੁਖਿ ਏਹੁ ਜੀਉ ਬਧੁ ਹੈ, ਹਉਮੈ ਕਰਮ ਕਮਾਇ ॥੬॥ ਪੰਨਾ ੬੭

ਹਉਮੈ ਦੇ ਪ੍ਰਭਾਵ ਹੇਠ ਇਹ ਮਨੁੱਖ ਦੁੱਖ ਦੀ ਨਵਿਰਤੀ ਤੇ ਸੁੱਖ ਦੀ ਲਾਲਸਾ ਵਿਚ ਬੱਝਾ ਰਹਿੰਦਾ ਹੈ, 'ਮੈਂ-ਮੇਰੀ' ਦੀ ਪ੍ਰੇਰਨਾ ਹੀ ਆਤਮਿਕ ਵਿਕਾਸ ਦੇ ਰਾਹ ਵਿਚ ਰੋੜਾ ਬਣ ਜਾਂਦੀ ਹੈ। ਫਲਸਰੂਪ ਇਹ 'ਕਰਮ' ਅਨੰਦ ਤੇ ਸੁਖ ਦੀ ਥਾਂ ਭਟਕਣਾ ਚਿ ਪਾਈ ਰਖਦਾ ਹੈ।

ਮਨੁੱਖ ਨੂੰ ਸਭ ਤੋਂ ਵਡਾ ਰੋਗ ਜਨਮ ਮਰਨ ਦਾ ਹੈ। ਇਸ ਰੋਗ ਤੋਂ ਬਚਣਾ ਮਨੁਖੀ ਜੀਵਨ ਦਾ ਮਨੋਰਥ ਸੀ। ਪਰ ਇਹ ਹਉਮੈ ਜੀਵ ਨੂੰ ਇਸ ਗੇੜ ਚਿ ਪਾਈ ਰਖਦੀ ਹੈ। ਇਹ ਹਉਮੈ ਜੀਵਨ ਦੇ ਹਰ ਸੰਸਕਾਰ ਵਿਚ ਮਨੁਖ ਨੂੰ ਖੁਆਰ ਕਰਦੀ ਤੁਰੀ ਜਾਂਦੀ ਹੈ। ਪਰ ਇਸਦੇ ਉਲਟ ਹਉਮੈਂ ਦੀ ਅਸਲੀਅਤ ਨੂੰ ਸਮਝਣ ਵਾਲਾ ਵੀਚਾਰ-ਵਾਨ ਗੁਰਸਿਖ ਸ੍ਰੇਸ਼ਟ ਬੁਧੀ ਦਾ ਮਾਲਕ ਹੁੰਦਾ ਹੈ। 'ਉਹ ਮਹਿਸੂਸ ਕਰਦਾ ਹੈ ਕਿ ਹਉਮੈ ਕਾਰਨ ਪ੍ਰਾਣੀ ਆਪਣੇ ਮਾਲਕ-ਪ੍ਰਭੂ ਤੋਂ ਵਿਛੜਿਆ ਫਿਰਦਾ ਹੈ, ਇਸ ਕਰਕੇ ਹਉਮੈ ਨੂੰ ਤਿਆਗ ਕੇ ਹੀ ਵਾਹਿਗੁਰੂ ਜੀ ਨਾਲ ਇਕ-ਸੁਰ ਹੋ ਸਕੀਦਾ ਹੈ, ਉਸ ਦੀ ਹਜ਼ੂਰੀ ਅਥਵਾ ਮਿਲਾਪ ਪ੍ਰਾਪਤ ਹੋ ਸਕਦਾ ਹੈ। ਜਦੋਂ ਤਕ ਮਨੁਖ ਨੂੰ ਇਸ ਹਉਮੈ ਦੀ



www.AKJ.Org

ਅਸ਼ਲੀਅਤ ਦਾ ਪਤਾ ਨਾ ਲਗੇ ਤਦੋਂ ਤਕ ਇਹ ਕੇਵਲ ਗਿਆਨ ਦੀਆਂ ਗੱਲਾਂ ਕਰ ਕਰ ਕੇ ਵਾਦ-ਵਿਵਾਦ ਵਿਚ ਹੈ। ਗੁਰਵਾਕ ਹੈ :—ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥੧॥੭॥ (ਪੰਨਾ ੪੬੬)

ਸਿਖ ਧਰਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਰਚਨਾ ਨੂੰ ਗੁਰਮਤਿ ਦੀ ਕੁੰਜੀ ਮੰਨਿਆ ਜਾਂਦਾ ਹੈ, ਗੁਰਮਤਿ ਤੋਂ ਖੁੰਝੇ ਜੀਵ ਨੂੰ ਮੰਦਭਾਗੀ ਕਹਿੰਦੇ ਹਨ, ਕਿਉਂਕਿ ਪ੍ਰਭੂ ਦੀ ਬੰਦਗੀ ਕਰਨ ਆਇਆ ਜੀਵ ਜੇ ਸਤਸੰਗਤ ਵਿਚ ਮਿਲ ਕੇ ਹਿਰਦੇ ਵਿਚ 'ਗੁਰ-ਸ਼ਬਦ' ਨੂੰ ਨਹੀਂ ਵਸਾਉਂਦਾ, ਤਾਂ ਉਹ ਹਉਮੈ-ਵੱਸ ਹੈ, ਕਿਉਂਕਿ ਉਸ ਦੀ ਮੱਤ-ਬੁਧਿ ਭਰਮ ਵਿਚ ਭੁਲੀ ਹੋਈ ਹੈ। ਅਜਿਹਾ ਜੀਵ ਆਤਮਿਕ ਸੁਖ ਪ੍ਰਾਪਤ ਨਹੀਂ ਕਰ ਸਕਦਾ, ਸਗੋਂ ਸਦਾ ਭਟਕਦਾ ਰਹਿੰਦਾ ਹੈ ਅਤੇ ਖਿੱਝਦਾ ਹੀ ਨਜ਼ਰ ਆਉਂਦਾ ਹੈ :—

ਸਾਧ ਸੰਗਤਿ ਗੁਰ ਸਬਦੁ ਸੁਣਿ, ਰਿਦੈ ਨ ਵਸੈ ਅਭਾਗ ਪਰਾਣੀ ॥
ਹਉਮੈ ਅੰਦਰਿ ਭਰਮਿ ਭੁਲਾਣੀ ॥੫॥ (ਵਾਰ ੧੭)

ਹਉਮੈ ਦਾ ਗ਼ੁਲਾਮ ਜੀਵ, ਭਾਵੇਂ ਧਾਰਮਿਕ ਤੌਰ ਤੇ ਕਿੰਨਾ ਹੀ ਪ੍ਰਸਿਧ ਹੋ ਜਾਏ, ਸੰਸਾਰ ਵਿਚ ਸ਼ੋਭਾ ਹਾਸਲ ਕਰ ਲਏ, ਪਰ ਆਤਮਿਕ ਜੀਵਨ ਤੋਂ ਸੱਖਣਾ ਹੋਣ ਕਰਕੇ ਸਦਾ ਝੂਰਦਾ ਹੀ ਨਜ਼ਰ ਆਉਂਦਾ ਹੈ। ਉਹ ਦੂਜਿਆਂ ਉਪਰ ਆਪਣਾ ਗ਼ਲਬਾ ਪਾਉਣ ਲਈ ਭਟਕਦਾ ਫਿਰਦਾ ਹੈ ਅਤੇ ਇਸੇ ਆਹਰੇ ਲਗ ਕੇ ਚਿੰਤਾ ਤੇ ਝੋਰੇ ਵਿਚ ਗ੍ਰਸਿਆ ਆਪਣਾ ਜੀਵਨ ਵਿਅਰਥ ਗਵਾ ਬਹਿੰਦਾ ਹੈ। ਹਉਮੈ-ਵੱਸ ਪ੍ਰਾਣੀ ਆਤਮਿਕ ਅਨੰਦ ਤੇ ਸੁੱਖ ਵਿਹੂਣਾ ਕੋਰਾ ਹੀ ਜ਼ਿੰਦਗੀ ਦਾ ਸਫ਼ਰ ਤਹਿ ਕਰਦਾ, ਨਿਰਾਸ਼ ਹੋ ਕੇ ਸੰਸਾਰ ਤੋਂ ਚਲਾ ਜਾਂਦਾ ਹੈ।

ਜੇਕਰ ਜੀਵ ਨੂੰ ਧਰਮ ਦੇ ਰਾਹ ਚਲ ਕੇ ਪ੍ਰਸਿਧੀ ਹਾਸਲ ਹੋ ਜਾਏ, ਸਤਿਕਾਰ ਮਿਲਦਾ ਰਹੇ, ਤਾਂ ਉਹ ਆਪਣੇ ਕੀਤੇ ਯਤਨਾਂ ਦੀ ਸ਼ਲਾਘਾ ਦੀ ਭੁੱਖ ਹੋਣ ਕਰਕੇ ਹੰਕਾਰੀ ਹੋ ਜਾਂਦਾ ਹੈ। ਇਸ ਹਉਮੈ ਦੇ ਅਸਾਧ ਰੋਗ ਸਦਕਾ ਉਹ ਪ੍ਰਭੂ ਮੇਹਰ ਤੋਂ ਸੱਖਣਾ ਰਹਿ ਜਾਂਦਾ ਹੈ ਤੇ ਔਗੁਣਾਂ ਦੇ ਭਾਰ ਹੇਠ ਦਬਿਆ ਜਾਂਦਾ ਹੈ। ਫਲਸਰੂਪ, ਦੁਖ ਕਲੇਸ਼ ਆ ਦਬੋਚਦੇ ਹਨ। ਐਸੀ ਅਵਸਥਾ ਦਾ ਜ਼ਿਕਰ ਗੁਰਬਾਣੀ ਵਿਚ ਇਉਂ ਮਿਲਦਾ ਹੈ :—

ਹਉਮੈ ਕਰਤਿਆਂ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥
ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥੮॥੪॥ (ਪੰਨਾ ੨੨੨)

ਇਹ ਗੱਲ ਨਿਰਣੇ-ਜਨਕ ਹੈ ਕਿ ਆਤਮਿਕ ਅਨੰਦ ਜਾਂ ਸੱਚਾ ਸੁਖ ਮਾਇਕ ਬੰਧਨਾਂ ਅਤੇ ਮੈਂ-ਮੇਰੀ ਵਿਚ ਨਹੀਂ, ਸਗੋਂ ਪ੍ਰਮਾਤਮਾ ਦੀ ਨਦਰ ਦੇ ਪਾਤਰ ਹੋਣ ਵਿਚ ਹੈ।

ਇਹ ਠੀਕ ਹੈ ਕਿ ਪ੍ਰਭੂ ਆਪ ਹੀ ਜੀਵਾਂ ਦੇ ਅੰਦਰ ਹਉਮੈ ਦਾ ਜ਼ਹਿਰ ਪਾ ਕੇ ਜਗਤ ਪੈਦਾ ਕਰਨ ਵਾਲਾ ਹੈ, ਪਰ ਜਿਸ ਜੀਵ ਦੇ ਹਿਰਦੇ ਵਿਚ ਗੁਰੂ ਦੇ ਸ਼ਬਦ ਦਾ ਨਿਵਾਸ ਹੋ ਜਾਂਦਾ ਹੈ ਉਸ ਦਾ ਇਹ ਹਉਮੈ ਰੂਪ ਜ਼ਹਿਰ ਕਟਿਆ ਜਾਂਦਾ ਹੈ। ਉਹ ਇਕ ਐਸੀ ਉਚੀ ਆਤਮਿਕ ਅਵਸਥਾ ਤੇ ਜਾ ਅਪੜਦਾ ਹੈ ਜਿਥੇ ਬੁਢਾਪਾ ਵੀ ਨਹੀਂ ਪੋਹ ਸਕਦਾ, ਉਹ ਸਦਾ ਪ੍ਰਮਾਤਮਾ ਵਿਚ ਸੁਰਤਿ ਜੋੜੀ ਰਖਦਾ ਹੈ। ਉਸ ਦੀ ਆਤਮਾ ਸੰਸਾਰ ਵਿਚ ਵਿਚਰਦਿਆਂ ਹੋਇਆਂ ਵੀ ਹਉਮੈ ਦੇ ਬੰਧਨਾਂ ਤੋਂ ਅਜ਼ਾਦ ਹੋ ਜਾਂਦੀ ਹੈ। ਫ਼ੁਰਮਾਨ ਹੈ :—

ਹਉਮੈ ਬਿਖੁ ਪਾਇ ਜਗਤੁ ਉਪਾਇਆ, ਸਬਦੁ ਵਸੈ ਬਿਖੁ ਜਾਇ ॥
ਜਰਾ ਜੋਹਿ ਨ ਸਕਈ, ਸਚਿ ਰਹੈ ਲਿਵ ਲਾਇ ॥
ਜੀਵਨ ਮੁਕਤੁ ਸੋ ਆਖੀਐ, ਜਿਸੁ ਵਿਚਹੁ ਹਉਮੈ ਜਾਇ ॥੬॥ (ਮਾਰੂ ਮਹਲਾ ੧, ਪੰਨਾ ੧੦੦੯)

ਹਉਮੈ ਰਹਿਤ ਨਿਰਮਾਣ ਜੀਵਨ ਵਾਲਾ ਹੀ ਅਨੰਦ-ਮਈ ਉਚੀ ਆਤਮਿਕ ਜ਼ਿੰਦਗੀ ਦਾ ਪਾਂਧੀ ਹੋ ਸਕਦਾ ਹੈ। "ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ" (੧੦੩੦)। ਤੋਤਾ ਆਪਣੇ ਮਾਲਕ ਦੇ ਪਿੰਜਰੇ ਵਿਚ ਪੈ ਕੇ ਉਹੀ ਬੋਲੀ ਬੋਲਦਾ ਹੈ ਜੋ ਮਾਲਕ ਸਿਖਾਂਦਾ ਹੈ। ਮਾਲਕ ਬੋਲੀ ਸੁਣ ਕੇ ਉਸ ਉਤੇ ਖੁਸ਼ ਹੁੰਦਾ ਹੈ। ਜਿਹੜਾ ਜੀਵ ਪ੍ਰਭੂ ਦੇ ਪ੍ਰੇਮ-ਪਿੰਜਰੇ ਵਿਚ ਪੈ ਕੇ ਉਸ ਦੇ ਸਿਖਾਏ ਬੋਲ ਬੋਲਦਾ ਹੈ, ਉਹ ਉਸ ਬੋਲਣਹਾਰ-ਪ੍ਰਭੂ ਦੀ ਮਿਹਰ ਦਾ ਪਾਤਰ ਬਣਦਾ ਹੈ। ਇਉਂ ਗੁਰ-ਸ਼ਬਦ ਦੀ ਕਮਾਈ ਸਦਕਾ ਉਹ "ਸਬਦੁ ਵਸੈ ਬਿਖੁ ਜਾਇ" ਵਾਲੀ ਅਵਸਥਾ ਦਾ ਪਾਤਰ ਬਣ ਜਾਂਦਾ ਹੈ।



www.AKJ.Org

# ਕੇਸ ਗੁਰੂ ਕੀ ਮੁਹਰ ਹਨ

ਗੁਰਸਿਖ ਦੀ ਨਿਤ ਅਰਦਾਸ ਹੁੰਦੀ ਹੈ, 'ਸਚੇ ਪਾਤਸ਼ਾਹ ! ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ।' ਭਾਵ ਇਹ ਹੈ ਕਿ ਇਹ ਸਿਖੀ ਅੰਤਲੇ ਸੁਆਸ ਤਕ ਕੇਸਾਂ ਦੇ ਨਾਲ ਤੋੜ ਨਿਭ ਜਾਵੇ। ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਕਿਹਾ ਹੈ–'ਗੁਰੂ ਕਾ ਸਿਖ ਕੇਸ ਮੁਹਰ ਨਿਸ਼ਾਨੀ ਸਿਖੀ ਦੀ ਜਾਣੇ।'

ਅਤੇ, ਭਾਈ ਦੇਸਾ ਸਿੰਘ ਜੀ ਰਹਿਤਨਾਮੇ ਵਿਚ ਕੇਸਾਂ ਦੀ ਉਤਮਤਾ ਤੇ ਪਵਿਤਰਤਾ ਨੂੰ ਇਥੋਂ ਤਕ ਦਸਦੇ ਹਨ— ਕੇਸਨ ਧੂਪ ਦੇਇ ਸੁਚ ਪਾਵਨ ॥ ਇਹ ਗੁਰ ਕੀ ਮੋਹਰ ਸੁਹਾਵਨ ॥੬੯॥

ਕੇਸਾਂ ਦੀ ਇਤਨੀ ਮਹੱਤਤਾ ਗੁਰਸਿਖੀ ਜੀਵਨ ਵਿਚ ਹੈ ਕਿ ਇਹ ਗੁਰੂ ਕੀ ਬਖਸ਼ੀ ਦਾਤਿ ਹੈ, ਇਹ ਗੁਰੂ ਕੀ ਬਖ਼ਸ਼ੀ ਮੁਹਰ ਹੈ, ਇਹ ਪਵਿਤਰ ਹਨ। ਇਨ੍ਹਾਂ ਲਈ ਪੂਰਨ ਸੁਚਮਤਾ ਵਰਤਣੀ ਹੈ, ਜੂਠ ਨਹੀਂ ਵਰਤਣੀ, ਜੂਠੇ ਹੱਥ ਨਹੀਂ ਲਾਣੇ। ਇਸੇ ਲਈ ਹੁਕਮ ਹੈ ਕਿ ਸਿਖ ਨੰਗੇ ਸਿਰ ਨਾ ਫਿਰੇ, ਸਿਖ ਨੰਗੇ ਸਿਰ ਨਾ ਖਾਏ, ਨੰਗੇ ਸਿਰ ਲੰਗਰ ਨਾ ਵਰਤਾਏ। ਰਹਿਤਨਾਮਿਆਂ ਵਿਚ ਦਰਜ ਹੈ—

ਨਗਨ ਹੋਇ ਬਾਹਰਿ ਫਿਰਹਿ, ਨਗਨ ਸੀਸਿ ਜੋ ਖਾਇ ॥
ਨਗਨ ਪ੍ਰਸਾਦ ਜੋ ਬਾਂਟਈ, ਤਨਖਾਹੀ ਬਡੋ ਕਹਾਇ ॥ [ਭਾਈ ਨੰਦ ਲਾਲ ਜੀ
ਪਾਗ ਉਤਾਰਿ ਪ੍ਰਸਾਦ ਜੋ ਖਾਵੈ ॥ ਸੋ ਸਿਖ ਕੁੰਭੀ ਨਰਕ ਸਿਧਾਵੈ ॥੫॥ [ਭਾ: ਪ੍ਰਹਿਲਾਦ ਸਿੰਘ ਜੀ

ਬੇ-ਅੰਮ੍ਰਿਤੀਆਂ ਬਾਰੇ ਤਾਂ ਕੁਝ ਕਿਹਾ ਨਹੀਂ ਜਾ ਸਕਦਾ, ਕਿਉਂਕਿ ਜਿਨ੍ਹਾਂ ਨੇ ਅਜੇ ਤਕ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕੀਤਾ, ਜਿਹੜੇ ਅਜੇ ਗੁਰੂ ਵਾਲੇ ਨਹੀਂ ਬਣੇ, ਜਿਨ੍ਹਾਂ ਨੇ ਅਜੇ ਗੁਰੂ ਧਾਰਨ ਹੀ ਨਹੀਂ ਕੀਤਾ, ਉਨ੍ਹਾਂ ਨੂੰ ਸਿਖੀ ਰਹਿਤ-ਰਹਿਣੀ ਦੀ ਕੀ ਸਾਰ ਹੋ ਸਕਦੀ ਹੈ ? ਉਹ ਨੰਗੇ ਸਿਰ ਖਾਂਦੇ ਪੀਂਦੇ, ਪਖ਼ਾਨੇ ਤਕ ਨੰਗੇ ਸਿਰ ਜਾਂਦੇ ਵੇਖੇ ਜਾਂਦੇ ਹਨ। ਉਨ੍ਹਾਂ ਨੂੰ ਕੇਸਾਂ ਦੀ ਸੁਚਮ (ਪਵਿਤਰਤਾ) ਜਾਂ ਜੂਠ ਨਾਲ ਕੋਈ ਵਾਸਤਾ ਨਹੀਂ ਹੁੰਦਾ। ਪਰ ਵੇਖਣ ਵਿਚ ਆਉਂਦਾ ਹੈ ਕਿ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਵੀ ਇਸ ਰਹਿਤ-ਰਹਿਣੀ ਵਲੋਂ ਬੇਪਰਵਾਹ ਹੋ ਰਹੇ ਹਨ।

ਸਿੰਘਾਂ ਤੋਂ ਸਿੰਘਣੀਆਂ ਚਾਰ ਕਦਮ ਅਗੇ ਵਧੀਆਂ ਹੋਈਆਂ ਹਨ। ਸਿੰਘ ਨੇ ਦਸਤਾਰ ਸਜਾਈ ਹੁੰਦੀ ਹੈ ਤੇ ਸਿੰਘਣੀ ਨਾਲ ਨੰਗੇ ਸਿਰ ਤੁਰੀ ਫਿਰਦੀ ਹੈ। ਦਰਬਾਰ ਸਾਹਿਬ ਸਕਿਊਟਰਾਂ ਤੇ ਅੰਮ੍ਰਿਤ ਵੇਲੇ ਸਿਖ ਜਾ ਰਹੇ ਹੁੰਦੇ ਹਨ, ਸਿੰਘਣੀਆਂ ਨਾਲ ਨੰਗੇ ਸਿਰੀਂ ਗਲ ਵਿਚ ਦੁਪੱਟਾ ਲਟਕਾਈ ਬੈਠੀਆਂ ਗੁਰਸਿਖੀ ਦੀ, ਨੁਮਾਇਸ਼ ਕਰ ਰਹੀਆਂ ਹੁੰਦੀਆਂ ਹਨ। ਬੀਬੀਆਂ ਅੰਮ੍ਰਿਤ ਛਕ ਕੇ ਘਰਾਂ ਵਿਚ ਅਤੇ ਬਾਹਰ ਨੰਗੇ ਸਿਰੀਂ ਗਲਾਂ ਵਿਚ ਪਟਕੇ ਪਾਈ ਤੁਰੀਆਂ ਫਿਰਦੀਆਂ ਹਨ। ਅਜਿਹਾ ਕਰ ਕੇ ਕੀ ਉਹ ਆਪਣੇ ਗੁਰੂ ਨੂੰ ਰੀਝਾ ਰਹੀਆਂ ਹੁੰਦੀਆਂ ਹਨ ਜਾਂ ਲੋਕਾਂ ਨੂੰ ? ਕੀ ਇਸ ਤਰ੍ਹਾਂ ਉਹ ਆਪਣੇ ਸੋਹਣੇ ਹੋਣ ਦੀ ਪ੍ਰਦਰਸ਼ਨੀ ਕਰ ਰਹੀਆਂ ਹੁੰਦੀਆਂ ਹਨ ? ਜੇ ਗੁਰੂ ਦੀ ਭੈ-ਭਾਵਨੀ ਵਿਚ ਰਹਿ ਕੇ, ਕੇਸਾਂ ਨੂੰ ਢਕ ਕੇ ਸਤਿਕਾਰ ਨਾਲ ਰਖਾਂਗੇ ਤਾਂ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ। ਗੁਰੂ ਦੀਆਂ ਖੁਸ਼ੀਆਂ ਲੈ ਕੇ ਹੀ ਅਸੀਂ ਸੋਹਣੇ ਹੋ ਸਕਦੇ ਹਾਂ। ਕੇਸਾਂ ਦੀ ਬੇਅਦਬੀ ਕਰ ਕੇ ਨੰਗੇ ਸਿਰ ਰਹਿਣ ਨਾਲ ਗੁਰੂ ਕੀ ਮੇਹਰ ਦੇ ਪਾਤਰ ਨਹੀਂ ਬਣ ਸਕਦੇ।

ਭਾਈ ਦਯਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਉਂ ਦਰਜ ਹੈ—

ਕੇਸ ਢਾਂਪ ਰਖੇ, ਕੰਘਾ ਦੂੈ ਕਾਲ ਕਰੈ, ਪਾਗ ਚੁਨ ਕਰ ਬਾਧੇ ॥

ਕੀ ਇਹ ਰਹਿਤ ਕੇਵਲ ਸਿੰਘਾਂ ਵਾਸਤੇ ਹੈ ? ਅੰਮ੍ਰਿਤਧਾਰੀ ਬੀਬੀਆਂ ਲਈ ਕੇਸ ਢਕ ਕੇ ਰਖਣ ਦੀ ਲੋੜ ਨਹੀਂ ? ਕੀ ਬੀਬੀਆਂ ਨੂੰ ਰਹਿਤ-ਰਹਿਣੀ ਤੋਂ ਹਰ ਤਰ੍ਹਾਂ ਦੀ ਛੋਟ ਹੈ ?

ਅਜ ਸ਼ਰਮ-ਹਯਾ ਤਾਂ ਸਾਡੇ ਭਾਈਚਾਰੇ ਵਿਚੋਂ ਖੰਭ ਲਾ ਕੇ ਉਡ ਗਈ ਨਜ਼ਰ ਆਂਦੀ ਹੈ। ਭਲੇ ਸਮਿਆਂ ਵਿਚ ਬੀਬੀਆਂ ਪੂਰੀ ਤਰ੍ਹਾਂ ਸਿਰ ਢਕ ਕੇ ਅਤੇ ਸ਼ਰਮ ਹਯਾ ਵਿਚ ਨੀਵੀਂ ਪਾ ਕੇ ਤੁਰਦੀਆਂ ਦੇਖੀਦੀਆਂ ਸਨ। ਕੋਈ ਸਿਰੋਂ-ਨੰਗੀ ਨਹੀਂ ਹੁੰਦੀ ਸੀ। ਜਿਸ ਦੇ ਸਿਰ ਦਾ ਸਾਈਂ ਨਾ ਰਹੇ, ਸਾਈਂ ਸਾਥ ਛਡ ਜਾਏ, ਸਾਈਂ



www.AKJ.Org

ਚਲ ਵਸੇ, ਉਸੇ ਨੂੰ 'ਸਿਰੋਂ-ਨੰਗੀ' ਕਹਿੰਦੇ ਸਨ। ਇਥੋਂ ਤਕ ਕਿ ਕੋਈ ਮਰਦ ਵੀ ਸਿਰੋਂ ਨੰਗਾ ਨਹੀਂ ਰਹਿੰਦਾ ਸੀ। ਮਰਦ ਸਦਾ ਸਿਰ ਤੇ ਪਗ ਰਖਦੇ ਸਨ। ਜੇ ਸਿਰ ਤੋਂ ਪਗ ਲਥ ਜਾਏ ਤਾਂ ਸਮਝਿਆ ਜਾਂਦਾ ਸੀ, ਜਿਵੇਂ ਕੋਈ ਉਨ੍ਹਾਂ ਦਾ ਮਰ ਗਿਆ ਹੁੰਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਇਸ ਬਾਰੇ ਇਕ ਬੜੀ ਹਾਸ-ਰਸ ਦੀ ਘਟਨਾ ਲਿਖੀ ਹੈ, ਕਿ ਘਰ ਦਾ ਵਡੇਰਾ ਖੂਹ ਤੇ ਨ੍ਹਾਉਣ ਗਿਆ, ਉਹ ਉਥੋਂ ਆਉਂਦਿਆਂ ਆਪਣੀ ਪੱਗ ਭੁਲ ਆਇਆ। ਘਰ ਦੀਆਂ ਜ਼ਨਾਨੀਆਂ ਵਡੇਰੇ ਮਰਦ ਨੂੰ ਨੰਗੇ ਸਿਰ ਵੇਖ ਕੇ ਕੰਬ ਉਠੀਆਂ ਕਿ ਕੋਈ ਭਾਣਾ ਵਰਤ ਗਿਆ ਹੈ, ਰੋਣਾ ਪਿਟਣਾ ਸ਼ੁਰੂ ਕਰ ਦਿਤਾ। ਤੀਵੀਆਂ ਨੂੰ ਰੋਂਦਿਆਂ ਪਿਟਦਿਆਂ ਵੇਖ ਕੇ ਉਸ ਵਡੇਰੇ ਨੇ ਵੀ ਢਾਹਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਆਂਢਣਾਂ ਗੁਆਂਢਣਾਂ ਵੀ ਸਿਆਪੇ ਆ ਗਈਆਂ। ਅਲ੍ਹਾਣੀਆਂ ਪਾਉਣ ਵਾਲੀ ਨੈਣ ਨੇ ਘਰ ਦੀਆਂ ਨੂੰ ਪੁਛਿਆ ਕਿ ਕਿਸ ਦੇ ਨਾਂ ਦੀ ਅਲ੍ਹਾਣੀ ਪਾਵੇ। ਤਾਂ ਨੂੰਹ ਨੇ ਕਿਹਾ, ਸਹੁਰੇ ਨੂੰ ਪੁਛੋ ਕਿ ਕੌਣ ਮੋਇਆ ਹੈ? ਇਸ ਮੂਰਖਾਂ ਦੇ ਕਾਵਾਂ ਰੌਲੇ ਨੂੰ ਭਾਈ ਗੁਰਦਾਸ ਜੀ ਇਉਂ ਬਿਆਨ ਕਰਦੇ ਹਨ–

ਠੰਢੇ ਖੂਹਹੁ ਨਾਇ ਕੈ ਪਗ ਵਿਸਾਰਿ ਆਇਆ ਸਿਰਿ ਨੰਗੈ ॥
ਘਰ ਵਿਚਿ ਰੰਨਾ ਕਮਲੀਆ ਧੁਸੀ[੧] ਲੀਤੀ ਦੇਖਿ ਕੁਢੰਗੈ[੨] ॥
ਰੰਨਾਂ ਦੇਖਿ ਪਿਟੰਦੀਆ ਢਾਹਾ ਮਾਰੈ ਹੋਇ ਨਿਸੰਗੈ ॥
ਲੋਕ ਸਿਆਪੇ ਆਇਆ ਰੰਨਾ ਪੁਰਸ ਜੁੜੇ ਲੈ ਪੰਗੈ[੩] ॥
ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ ॥
ਸਹੁਰੇ ਪੁਛਹੁ ਜਾਇ ਕੈ ਕਉਣ ਮੁਆ ਨੂਹ ਉਤਰ ਮੰਗੈ ॥
ਕਾਵਾਂ ਰੋਲਾ ਮੂਰਖ ਸੰਗੈ ॥੧੯॥ (੩੨)

੧. ਧੁੜਧੁੜੀ ਕੰਬਣੀ
੨. ਭੈੜੇ ਹਾਲ
੩. ਪੰਗਤਾਂ ਵਿਚ

ਅਜ ਸਿਖ ਕੌਮ ਦੀ ਸਮੁਚੀ ਦਸ਼ਾ ਵੇਖ ਕੇ ਅਤੇ ਰਹਿਤ-ਰਹਿਣੀ ਵਲੋਂ ਇਤਨੀ ਬੇਪਰਵਾਹੀ ਤੇ ਢਿਲਿਆਈ ਵੇਖ ਕੇ ਦਰਦੀ ਦਿਲ ਵਾਲੇ ਗੁਰਸਿਖ ਡਾਢੇ ਦੁਖੀ ਹੋ ਰਹੇ ਹਨ। ਇਸ ਦੁਖਦਾਈ ਦਸ਼ਾ ਲਈ ਸਤਿਗੁਰੂ ਜੀ ਪਾਸ ਅਰਦਾਸ ਹੈ ਕਿ ਹੇ ਸੱਚੇ ਪਾਤਿਸ਼ਾਹ! ਇਸ ਨੁਮਾਇਸ਼ੀ ਸਿੱਖੀ ਤੋਂ ਆਪ ਬਚਾਓ। ਸਾਨੂੰ ਸਹੀ ਅਰਥਾਂ ਵਿਚ ਸਿੱਖੀ ਰਹਿਤ-ਬਹਿਤ ਵਿਚ ਰਖ ਕੇ, ਸ਼ਰਮ ਹਯਾ ਵਿਚ, ਪਤ ਆਬਰੋ ਨਾਲ, ਆਪਣੀ ਭੈ-ਭਾਵਨੀ ਵਿਚ ਆਪਣੇ ਹੁਕਮ ਕਮਾਵਣ ਦੀ ਸਮਰਥਾ ਬਖਸ਼ੋ। ਅਸੀਂ ਮਨ ਦੀ ਸਿਖੀ ਤੋਂ ਬਚੀਏ ਅਤੇ ਗੁਰੂ ਕੀ ਦਸੀ ਹੋਈ ਗੁਰਸਿਖੀ ਦੀ ਕਾਰ ਕਮਾਈਏ—

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥੧॥

ਸੋਰਠਿ ਮ: ੩, ਪੰਨਾ ੬੦੧-੦੨

## ਮਨਮੁਖੁ ਊਧਾ ਕਉਲੁ ਹੈ

ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥
ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ ॥
ਓਇ ਧਰਮਿ ਰਲਾਏ ਨਾ ਰਲਨਿ੍ ਓਨਾ ਅੰਦਰਿ ਕੂੜਿ ਸੁਆਉ ॥
ਨਾਨਕ ਕਰਤੈ ਬਣਤ ਬਣਾਈ
ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ ॥੨॥੮॥ [ਮ: ੩, ਪੰਨਾ ੫੧੧


www.AKJ.Org

# ਸਗੁਰੇ ਹੋਣ ਦੀ ਜੁਗਤੀ

ਸਤਿਗੁਰੂ ਦੇ ਪਾਵਣ ਦੀ ਬਿਧੀ, ਨਿਗੁਰਿਓਂ ਸਗੁਰੇ ਹੋਣ ਦੀ ਜੁਗਤੀ, ਮਨਮੁਖ ਤੋਂ ਗੁਰਮੁਖਿ ਬਣਨ ਦੀ ਬਿਉਂਤ, ਨਾਮ ਹੀਣ ਤੋਂ ਨਾਮ ਪਰਬੀਨ ਹੋਣ ਦੀ ਸਬੀਲ, ਇਹ ਸਭ ਕੁਛ ਸ੍ਰੀ ਦਸਮੇਸ਼ ਦੀ ਪ੍ਰਚੁਰਤ ਕੀਤੀ ਪਵਿਤਰ ਅੰਮ੍ਰਿਤ ਮਰਯਾਦਾ ਵਿਚ ਹੈ। ਜਿਸ ਪ੍ਰਾਣੀ ਨੇ ਖੰਡੇ ਦਾ ਅੰਮ੍ਰਿਤ ਨਹੀਂ ਛਕਿਆ ਉਸ ਨੇ ਨਾ ਸਤਿਗੁਰੂ ਨੂੰ ਪਾਇਆ ਹੈ, ਨਾ ਹੀ ਉਸ ਨੂੰ ਸਤਿਗੁਰੂ ਮਿਲਿਆ ਹੈ। ਉਸ ਨੇ ਗੁਰੂ ਧਾਰਨ ਹੀ ਨਹੀਂ ਕੀਤਾ, ਉਹ ਨਿਗੁਰਾ ਹੈ। ਉਹ ਗੁਰੂ ਦਾ ਸਿਖ ਹੀ ਨਹੀਂ ਬਣਿਆ। ਉਸ ਨੂੰ ਨਾਮ ਗੁਰ ਮੰਤ੍ਰ ਪ੍ਰਾਪਤਿ ਹੀ ਨਹੀਂ ਹੋ ਸਕਦਾ। ਜਿਸ ਦਾ ਕੋਈ ਇਸ਼ਟ ਗੁਰੂ ਹੀ ਨਹੀਂ, ਉਸ ਨੂੰ ਨਾਮ ਕਿਥੋਂ ? ਕੋਈ ਇਕ ਇਕੱਲਾ ਅਲਪੱਗ ਦੇਹਧਾਰੀ ਦਸਾਂ ਗੁਰੂ ਸਾਹਿਬਾਨ ਤੋਂ ਪਸਚਾਤ, ਨਾ ਹੀ ਇਸ਼ਟ ਹੋ ਸਕਦਾ ਹੈ, ਨਾ ਹੀ ਸਤਿਗੁਰੂ ਸਦਾ ਸਕਦਾ ਹੈ।

ਸ੍ਰੀ ਗੁਰੂ ਦਸਮੇਸ਼-ਅਸਥਾਪਨ-ਕੀਤਾ-ਗੁਰੂ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਭ ਸਿਖਾਂ ਦਾ ਗੁਰੂ ਹੈ। ਸ੍ਰੀ ਗੁਰੂ ਦਸਮੇਸ਼ ਦਾ 'ਸਭ ਸਿਖਨ ਕਉ ਹੁਕਮ ਹੈ' ਕਿ 'ਗੁਰੂ ਮਾਨੀਯੋ ਗ੍ਰੰਥ', ਹਾਂ ਜੀ ! ਸਭ ਸਿਖਨ ਕੋ ਹੁਕਮ ਹੈ। ਇਸ ਹੁਕਮ ਤੋਂ ਬਾਹਰਾ ਕੋਈ ਭੀ ਸਿਖ ਨਹੀਂ। ਜੋ ਇਸ ਹੁਕਮ ਤੋਂ ਮੁਨਹਰਫ ਹੋ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਆਪੋ ਆਪਣੇ ਦੇਹਧਾਰੀ ਅਲਪਗ ਗੁਰੂ ਬਣਾਉਂਦੇ ਫਿਰਦੇ ਹਨ, ਉਹ ਗੁਰੂ ਦੇ ਸਿਖ ਨਹੀਂ, ਗੁਰੂ ਤੋਂ ਬੇਮੁਖ ਹਨ। ਸਤਿਗੁਰੂ ਤੋਂ ਮੁਨਹਰਫ, ਗੁਰੂ ਦਸਮੇਸ਼-ਹੁਕਮਾਂ ਤੋਂ ਆਕੀ ਹਨ। ਉਹ ਸ੍ਰੀ ਗੁਰੂ ਦਸਮੇਸ਼ ਨੂੰ ਭੀ ਆਪਣਾ ਗੁਰੂ ਨਹੀਂ ਸਮਝਦੇ। ਸ੍ਰੀ ਗੁਰੂ ਦਸਮੇਸ਼ ਜੀ ਨੂੰ ਸਿਰਫ ਸੋਈ ਸਿਖ ਆਪਣਾ ਗੁਰੂ ਮੰਨਦੇ ਹਨ ਜੋ ਸ੍ਰੀ ਗੁਰੂ ਦਸਮੇਸ਼ ਜੀ ਦਾ 'ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਯੋ ਗ੍ਰੰਥ' ਵਾਲਾ ਹੁਕਮ ਮਨ ਬਚਨ ਕਰਮ ਕਰਕੇ ਮੰਨਦੇ ਹਨ ਅਤੇ ਸਤਿ ਕਰ ਕੇ ਮੰਨਦੇ ਹਨ ਅਤੇ ਮੰਨ ਕੇ ਉਸ ਹੁਕਮ ਉਪਰ ਚਲਦੇ ਹਨ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਸ਼ਬਦ ਗੁਰੂ' ਟਰੈਕਟ ਵਿਚੋਂ


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸੰਤ ਪਦ ਨਿਰਣਯ | ੬-੫੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਅਣਡਿਠੀ ਦੁਨੀਆ | ੧੦-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿਘ | ੦-੨੫ |
| ਸਿਖੀ ਸਿਦਕ ਤੇ ਧਰਮ ਰੱਖਿਆ(ਕਾਵਿ) | ੦-੬੦ | ਜਥੇ ਦੇ ਸਿੰਘਾਂ ਦੀ ਦਾਸਤਾਨ(ਕਾਵਿ) | ੦-੮੦ |

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੭ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧ ੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੧-੦੦

ਗੁਰਬਾਣੀ ਰਹਿਤਨਾਮਾ ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ ੧-੦੦

ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ) ੧-੦੦


www.AKJ.Org

## ਬਟਾਲਾ ਗੁਰਦੁਆਰਾ ਸਤਿ ਕਰਤਾਰੀਆਂ ਵਿਖੇ ਦੁਪਹਿਰ ਤਕ ਅਖੰਡ ਕੀਰਤਨ

ਭਾ: ਗੁਰਮੁਖ ਸਿੰਘ ਪਾਰੋਵਾਲ ਵਾਲੇ ਬੇਨਤੀ ਕਰਦੇ ਹਨ ਕਿ ੧੫ ਨਵੰਬਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਵਿਚ ਆਇ ਜੁੜੋ ਜੀ ।

## ਪਿੰਡ ਰਾਪੁਰ (ਹੁਸ਼ਿਆਰਪੁਰ) ਵਿਖੇ ੨੧ ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ

ਨਿਹੰਗ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਰਾਪੁਰ ਵਿਖੇ ਕੀਰਤਨ ਵਿਚ ਪੁਜੋ ਜੀ । ਇਹ ਪਿੰਡ ਜਲੰਧਰ-ਪਠਾਨਕੋਟ ਰੋਡ ਤੇ ਟਾਂਡੇ ਤੋਂ ੫ ਤੇ ਭੋਗਪੁਰ ਤੋਂ ੭ ਕਿਲੋਮੀਟਰ, ਅਤੇ ਅੱਡਾ ਚੌਲਾਂਗ ਤੋਂ ਅਧਾ ਕਿਲੋਮੀਟਰ ਤੇ ਹੈ ।

## ਪਿੰਡ ਡਰੋਲੀ ਖ਼ੁਰਦ (ਡਾਕਟਰ ਵਾਲੀ) ਜ਼ਿਲਾ ਜਲੰਧਰ ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਖਾਲਸਾ ਦੇ ਗ੍ਰਹਿ ੧੪ ਨਵੰਬਰ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ ।

## ਪਿੰਡ ਬੜੀ ਥੱਲੀ (ਨੇੜੇ ਥਰਮਲ ਪਲਾਂਟ) ਜ਼ਿਲਾ ਰੋਪੜ ਵਿਚ ਸਾਲਾਨਾ ਰੈਣ ਸਬਾਈ ਕੀਰਤਨ

5 ਦਸੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਪੁਜੋ ।

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਗੁਰਸਿਖ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਪੁਜੀ ਮਾਇਆ ਹੇਠ ਲਿਖੇ ਅਨੁਸਾਰ ਹੈ—

| | |
|---|---|
| ਭਾਈ ਦਲਜੀਤ ਸਿੰਘ,ਅਜੀਤ ਨਗਰ,(ਚੜ੍ਹਾਵਾ)Asr. | ੧੦੯-੪੦ |
| ਬੀਬੀ ਰਾਮ ਕੌਰ ਦਿਲੀ | ੧੦੦-੦੦ |
| ਗੁਪਤ, ਦਿਲੀ | ੨੦੦-੦੦ |
| ਭਾਈ ਗੁਰਦੀਪ ਸਿੰਘ, ਮਦਰਾਸ | ੧੦੦-੦੦ |
| ਮਾਤਾ ਰਾਮ ਕੌਰ, ਨਵੀਂ ਦਿਲੀ | ੨੦੦-੦੦ |
| ਗੁਰੂ ਕੀ ਗੋਲਕ, ਜੋਧਪੁਰ | ੬੦੦-੦੦ |
| ਸ: ਹਰਜੀਤ ਸਿੰਘ ਕਾਲੜਾ, ਨਵੀਂ ਦਿਲੀ | ੨੫੦-੦੦ |
| ਬੀਬੀ ਜਸਵੰਤ ਕੌਰ, ਦਿਲੀ | ੨੫੦-੦੦ |
| ਬੀ: ਗੁਰਸ਼ਰਨ ਕੌਰ ਦਿਲੀ (ਸਕਾਲਰਸ਼ਿਪ ਦਾ ਅਧ) | ੩੦੦-੦੦ |
| ਮਾਤਾ ਰਾਮ ਕੌਰ, ਦਿਲੀ | ੨੦੦-੦੦ |
| ਸ: ਅਤਰ ਸਿੰਘ ਕਥੂਰੀਆ,ਦਿਲੀ (ਪਿਤਾ ਜੀ ਨਮਿਤ) | ੨੦੧-੦੦ |
| ਸ: ਹਰਮਿੰਦਰ ਸਿੰਘ ਸਟੇਸ਼ਨ ਮਾਸਟਰ, ਕਾਨਪੁਰ | ੧੦੧-੦੦ |
| ਸ: ਪ੍ਰਕਾਸ਼ ਸਿੰਘ, ਸਰਵੋਦਯ ਐਨਕਲੇਵ, ਨ: ਦਿਲੀ | ੨੫੦-੦੦ |
| ਸ: ਕੰਵਲਰਾਜ ਸਿੰਘ,ਸਰਵੋਦਯ ਐਨਕਲੇਵ ਨ: ਦਿਲੀ | ੨੫੦-੦੦ |
| ਭਾਈ ਧਰਮ ਸਿੰਘ, ਅੰਮ੍ਰਿਤਸਰ | ੧੦੧-੦੦ |
| ਸ: ਗੁਰਭਜ ਸਿੰਘ ਕਾਂਗ, Fabaheel (ਕੁਵੈਤ) | ੧੦੦-੦੦ |
| ਕੈਪਟਨ ਮਨਜੀਤ ਸਿੰਘ ਦਿਲੀ ਨਮਿਤ ਅਖੰਡਪਾਠ ਤੇ ਹਰਬੰਸ ਸਿੰਘ ਨਰਾਇਣਾ ਗ੍ਰਹਿ ਕੀਰਤਨ-ਚੜ੍ਹਾਵਾ | ੪੩੦-੦੦ |
| ਬੀਬੀ ਹਰਬੰਸ ਕੌਰ, ਪਿੰਡ ਸਰਾਂ ਬੋਦਲਾ | ੧੦੦-੦੦ |
| ਬੀਬੀ ਪੂਰਨ ਕੌਰ ਆਕਲੈਂਡ (ਨਿਊਜ਼ੀਲੈਂਡ) | ੫੦੦-੦੦ |
| ਹਵਾਲਦਾਰ ਨਿਸ਼ਾਨ ਸਿੰਘ, ਰੁੜਕੀ | ੧੦੦-੦੦ |
| ਬੀਬੀ ਮਨਜੀਤ ਕੌਰ, ਅੰਮ੍ਰਿਤਸਰ | ੧੦੦-੦੦ |
| ਗੁਪਤ, ਮੇਰਠ ਸਿਟੀ | ੧੦੦੦-੦੦ |
| ਸ: ਪ੍ਰਦੰਮਨ ਸਿੰਘ, ਸ਼ਿਵ ਨਗਰ, ਜਲੰਧਰ | ੧੦੦-੦੦ |
| ਭਾਈ ਮਨਜੀਤ ਸਿੰਘ, ਜਮਾਲਪੁਰ (ਲੁਧਿਆਣਾ) | ੫੧-੦੦ |
| ਭਾਈ ਜੀਵਨ ਸਿੰਘ (ਵਿਧਵਾਵਾਂ ਤੇ ਬੱਚਿਆਂ ਦੀ ਪੜ੍ਹਾਈ ਲਈ) | ੩੨੦੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਸੁਰਜੀਤ ਕੌਰ ਸੁਪਤਨੀ ਭਾਈ ਗੁਰਬੀਰ ਸਿੰਘ ਫਗਵਾੜਾ (ਕੇਸ ਦੀ ਪੈਰਵੀ ਲਈ) | ੫੦੦੦-੦੦ |
| ਬੀਬੀ ਜਸਬੀਰ ਕੌਰ ਸੁਪਤਨੀ ਭਾਈ ਸੁਰਜੀਤ ਸਿੰਘ ਹਰੀਪੁਰ ਧੰਦੋਈ ਤਸੀਲ ਬਟਾਲਾ | ੫੦੦੦-੦੦ |
| ਬੀਬੀ ਜਸਵੰਤ ਕੌਰ ਸੁਪਤਨੀ ਭਾਈ ਜੋਗਿੰਦਰ ਸਿੰਘ ਅਖਾੜਾ ਨੂੰ ਮਾਸਕ ਸਹਾਇਤਾ | ੩੦੦-੦੦ |
| ਮਾਤਾ ਗੁਰਦੀਪ ਕੌਰ (ਮਾਤਾ ਭਾ: ਗੁਰਦੀਪ ਸਿੰਘ) ਸ਼ਰੀਫ ਪੁਰਾ, ਅੰਮ੍ਰਿਤਸਰ ਨੂੰ ਕੇਸ ਦੀ ਪੈਰਵੀ ਲਈ | ੨੦੦੦-੦੦ |
| ਬੀਬੀ ਕੁਲਵੰਤ ਕੌਰ, ਲਾਭ ਨਗਰ, ਅੰਮ੍ਰਿਤਸਰ ਨੂੰ ਘਰੋਗੀ ਖਰਚਾਂ ਤੇ ਕੇਸ ਦੀ ਪੈਰਵੀ ਲਈ | ੬੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ


# ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ

ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਇਸ ਪੁਸਤਕ ਵਿਚ ਗੁਰਬਾਣੀ ਵਿਚ ਵਰਤੇ ਵਿਆਕਰਣ ਦੇ ਗੁਝੇ ਭੇਦ ਖੋਲ੍ਹੇ ਗਏ ਹਨ । ਦੂਜੀ ਵੇਰ ਵਧੀਆ ਕਾਗਜ਼ ਤੇ ਵਧੀਆ ਜਿਲਦ ਨਾਲ ਵਡੇ ਸਾਈਜ਼ ਵਿਚ ਛਪ ਗਈ ਹੈ।ਪੰਨੇ ੫੦੦,ਭੇਟਾ ੨੫ ਰੁਪਏ


## ਮਾਸਕ ਰੈਣ ਸਬਾਈ ਕੀਰਤਨ ਦੋਰਾਹਾ ਮੰਡੀ ਸ੍ਰੀ ਗੁਰੂ ਸਿੰਘ ਸਭਾ ਵਿਖੇ (ਨੇੜੇ ਰੇਲਵੇ ਸਟੇਸ਼ਨ)

ਮਾਸਟਰ ਸਤਵੰਤ ਸਿੰਘ ਸਚਨਾ ਦੇਂਦੇ ਹਨ ਕਿ ੧੪ ਨਵੰਬਰ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ ।

www.AKJ.Org

## ਗਿਆਨੀ ਈਸ਼ਰ ਸਿੰਘ ਜੀ ਦਿਲੀ



ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਅਤੇ ਜੇਲ੍ਹ ਦੇ ਸਾਥੀ ਗੁਰਮੁਖ ਪਿਆਰੇ ਭਾਈ ਅਤਰ ਸਿੰਘ ਦੇ ਗਿ: ਈਸ਼ਰ ਸਿੰਘ ਜੀ ਭਤੀਜੇ ਸਨ। ਛੋਟੀ ਉਮਰ ਵਿਚ ਹੀ ਪਿਤਾ ਜੀ ਚੜ੍ਹਾਈ ਕਰ ਜਾਣ ਕਰਕੇ ਆਪ ਦੀ ਪਾਲਨਾ ਪੋਸਨਾ ਬਾਬਾ ਅਤਰ ਸਿੰਘ ਜੀ ਨੇ ਹੀ ਕੀਤੀ। ਗੁਰਮੁਖ ਪਿਆਰੇ ਚਾਚਾ ਜੀ ਨੇ ਆਪ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਬਾਊ ਮੱਲ ਸਿੰਘ ਜੀ ਨਾਲ ਮੇਲ ਕਰਾਇਆ। ਗਿਆਨੀ ਜੀ ਕੀਰਤਨ ਕਰਨ ਤੇ ਸੁਣਨ ਦੇ ਬਹੁਤ ਪ੍ਰੇਮੀ ਸਨ ਅਤੇ ਨਾਮ ਦੀ ਭਰਪੂਰ ਕਮਾਈ ਸਦਕਾ ਆਪ ਨੂੰ ਕਈ ਵਾਰ ਪੰਚਾਂ ਦੀ ਸੇਵਾ ਵਿਚ ਵੀ ਲਿਆ ਜਾਂਦਾ ਸੀ। ਰੋਜ਼ ਦੇ ਨਿਤਨੇਮ ਤੋਂ ਇਲਾਵਾ ਘਟੋ ਘਟ ਪੰਜ ਸੁਖਮਨੀ ਸਾਹਿਬ ਦੇ ਪਾਠ ਕਰਨ ਦਾ ਪ੍ਰੋਗਰਾਮ ਗੁਰੂ-ਕਿਰਪਾ ਨਾਲ ਆਖ਼ਰੀ ਉਮਰ ਤਕ ਨਿਭਿਆ। ਆਪ ਚਕਵਾਲ (ਪਾਕਿਸਤਾਨ) ਵਿਚ ਜਨਮੇ ਅਤੇ ਹੁਣ ਆਪਣੇ ਨਿਵਾਸ ਸਰਾਏ ਰੁਹੇਲਾ ਦਿਲੀ ਵਿਖੇ ੧੮-੯-੮੭ ਨੂੰ ੬੮ ਸਾਲ ਦੀ ਆਯੂ ਵਿਚ ਪਰਲੋਕ ਪਿਆਨੇ ਕਰ ਗਏ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਸਦੈਵੀ ਨਿਵਾਸ ਬਖ਼ਸ਼ਣ।

## ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਦੀ ਯਾਦ ਵਿਚ ਗੁ: ਚਰਨ ਕੰਵਲ ਬੰਗਾ ਪਾ: ੬ ਵਿਖੇ ਹੋ ਰਹੇ ਪ੍ਰੋਗਰਾਮ ਵਿਚ ਹੁੰਮ ਹੁੰਮਾ ਕੇ ਪੁਜੋ ਅਤੇ ਸਤਿਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਲਵੋ ਜੀ।

੨੬ ਨਵੰਬਰ ਸਵੇਰੇ ੩ ਵਜੇ ਤੋਂ ਆਸਾ ਦੀ ਵਾਰ ਦੇ ਕੀਰਤਨ, ਉਪਰੰਤ ਸ੍ਰੀ ਅਖੰਡਪਾਠ ਅਰੰਭ। ੨੭ ਨਵੰਬਰ ਸ਼ਾਮ ੭ ਤੋਂ ੯ ਸ਼ਬਦ ਚੌਕੀ। ੨੮ ਨਵੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੭ ਵਜੇ ਅਰੰਭ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ। ੨੯ ਨਵੰਬਰ ਐਤਵਾਰ ਸਵੇਰੇ ੭ ਵਜੇ ਸਮਾਪਤੀ।

ਨੋਟ—ਰਿਹਾਇਸ਼ ਦਾ ਪਰਬੰਧ ਗੁ: ਚਰਨ ਕੰਵਲ ਵਿਖੇ, ਬਿਸਤਰੇ ਲੋੜ ਮੁਤਾਬਕ ਨਾਲ ਲਿਆਓ ਜੀ। ਇਹ ਅਸਥਾਨ ਫਗਵਾੜਾ ਨਵਾ ਸ਼ਹਿਰ ਸੜਕ ਤੇ ਹੈ।

ਦਾਸਰੇ—ਸੰਗਤ ਅਖੰਡ ਕੀਰਤਨੀ ਜਥਾ ਇਲਾਕਾ ਬੰਗਾ (ਜਲੰਧਰ)

## ਬਸੀ ਪਠਾਣਾਂ (ਜ਼ਿਲਾ ਪਟਿਆਲਾ) ਵਿਖੇ ਸ਼ਹੀਦੀ ਗੁਰਪੁਰਬ ਸਮੇਂ ਰੈਣ ਸਬਾਈ ਕੀਰਤਨ

ਸ੍ਰੀ ਗੁਰ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ੨੫ ਨਵੰਬਰ ਬੁਧਵਾਰ ਰਾਤ ਨੂੰ ਸ੍ਰੀ ਲਾਲ ਗੁਰਦੁਆਰਾ ਸਾਹਿਬ ਧੋਬੀ ਮਹੱਲਾ ਬਸੀ ਪਠਾਣਾਂ ਵਿਖੇ ਰੈਣ ਸਬਾਈ ਕੀਰਤਨ ਵਿਚ ਆਏ ਜੁੜੋ ਜੀ।

## ਸ਼ਹੀਦ ਰਘਬੀਰ ਸਿੰਘ ਜੀ ਦੀ ਯਾਦ ਵਿਚ ਪਿੰਡ ਖੁਤਾਲਾ (ਕਪੂਰਥਲਾ) ਵਿਖੇ ਅਖੰਡ ਕੀਰਤਨ

ਸ਼ਹੀਦ ਦੀ ਸੁਪਤਨੀ ਬੀਬੀ ਹਰਦੇਵ ਕੌਰ ਦੇ ਗ੍ਰਿਹਿ ਵਿਖੇ ੧੫ ਨਵੰਬਰ ਐਤਵਾਰ ਨੂੰ ਸਹਿਜ ਪਾਠ ਦੇ ਭੋਗ ਅਤੇ ਅਖੰਡ ਕੀਰਤਨ ਦੁਪਹਿਰ ਤਕ ਹੋਣਗੇ। ਕੀਰਤਨ ਵਿਚ ਆਇ ਜੁੜੋ ਜੀ।

## ਬੂਲ੍ਹੋਵਾਲ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਮੋਹਨ ਸਿੰਘ ਐਂਡ ਬ੍ਰਾਦਰਜ਼ ਵਲੋਂ ੧੫ ਨਵੰਬਰ ਐਤਵਾਰ ਸਵੇਰੇ ਅਖੰਡਪਾਠ ਦੇ ਭੋਗ ਤੇ ਦੁਪਹਿਰ ਦੋ ਵਜੇ ਤਕ ਅਖੰਡ ਕੀਰਤਨ ਹੋਣਗੇ। ਆਇ ਪੁਜੋ ਤੇ ਲਾਹੇ ਪ੍ਰਾਪਤ ਕਰੋ ਜੀ।

## ਮੋਗਾ ਵਿਖੇ ਅਖੰਡ ਕੀਰਤਨ ਪ੍ਰੋਗਰਾਮ (6-30 ਤੋਂ 10-30 ਸਵੇਰੇ)

(੧) ੧੫ ਨਵੰਬਰ ਐਤਵਾਰ ਭਾਈ ਮੋਹਨ ਸਿੰਘ ਪਟਵਾਰੀ, ਮਕਾਨ ਨੰ: ੨੭੧, ਬੀ XIV ਮਹੱਲਾ ਗੋਧੇਕਾ ਪੁਰਾਣਾ ਮੋਗਾ।

(੨) ੨੯ ਨਵੰਬਰ ਐਤਵਾਰ ਭਾਈ ਚਰਨਜੀਤ ਸਿੰਘ, ਮਕਾਨ ਨੰ: 1355, ਅਹਾਤਾ ਬਦਨ ਸਿੰਘ, ਨੇੜੇ ਸ਼ਾਮ ਲਾਲ ਚੌਕ, ਮੋਗਾ।

## ਸ਼ਹੀਦਾਂ ਦੀ ਯਾਦ ਵਿਚ ਗੁ: ਟਾਹਲੀ ਸਾਹਿਬ (ਸੰਤੋਖਸਰ) ੨੧ ਨਵੰਬਰ ਰਾਤ ਰੈਣ ਸਬਾਈ ਕੀਰਤਨ

ਬੈਂਕ ਡਰਾਫ਼ਟ ਭੇਜਣ ਦਾ ਪਤਾ—

## ਪਤਾ—'ਸੂਰਾ' ਮੰਥਲੀ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org